ਵਿਆਹਾਂ ਵਾਸਤੇ ਭਾਜੀ, ਨਿਸ਼ਾਨੀ, ਤਾਜਾ ਮਠਿਆਈ ਅਤੇ
ਹਰ ਤਰ੍ਹਾਂ ਦੀ ਕੇਟਰਿੰਗ ਵਾਸਤੇ ਸੰਪਰਕ ਕਰੋ
250-730-4000, 855-800-6582
ਵੀਰਜੀ ਹਵੇਲੀ ਕਲੀਅਰਬਰੁੱਕ ਰੋਡ ਐਬਟਸਫੋਰਡ

+91 77175-02848
+91 98146-12006
+91 99882-68982
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
(ਇਸ਼ਤਿਹਾਰ ਸਫਾ ਬੀ24 ਤੇ ਦੇਖੋ)
+1 778-899-1576
+1 778-207-8100
EAGLE EYE
PICK & DROP
CAR RENTALS & TAXI SERVICE 24 HOURS

ਪੰਜਾਬ ਐਬਟਸਫੋਰਡ
# ਗਾਰਡੀਅਨ
PUNJAB GUARDIAN
B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish
ALBERTA Edmonton Calgary
ONTARIO Otttawa, Brampton Toronto
QUEBEC Montreal
USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 33, Issue No. 20 Ending Date: May 15, 2026

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਲਖਜੀਤ ਸਿੰਘ ਸਾਰੰਗ
604-613-9100
Super Visa
Travel, Disability
Group Insurance
Life Insurance
Critical Illness
RESP, RRSP
TFSA, FHSA
EXPERIOR
LAKHJIT SARAN
604-613-9100

# ਸ਼ਹੀਦ ਭਾਈ ਪ੍ਰਮਜੀਤ ਸਿੰਘ ਪੰਜਵੜ ਦਾ ਸ਼ਹੀਦੀ ਦਿਹਾੜਾ ਗੁ. ਦਸ਼ਮੇਸ਼ ਦਰਬਾਰ ਸਰੀ ਵਿਖੇ ਮਨਾਇਆ ਗਿਆ




ਸਰੀ: ਸਿੱਖ ਕੌਮ ਦੇ ਜਰਨੈਲ ਭਾਈ ਪ੍ਰਮਜੀਤ ਸਿੰਘ ਪੰਜਵੜ ਦਾ ਸ਼ਹੀਦੀ ਦਿਹਾੜਾ 3 ਮਈ ਨੂੰ ਗੁਰਦਵਾਰਾ ਸਾਹਿਬ ਦਸ਼ਮੇਸ਼ ਦਰਬਾਰ ਸਰੀ ਵਿਖੇ ਸਿੱਖ ਕੌਮ ਨੇ ਬੜੀ ਹੀ ਸ਼ਰਧਾ ਭਾਵਨਾ ਨਾਲ ਮਨਾਇਆ। ਸ੍ਰੀ ਅਖੰਡਪਾਠ ਸਾਹਿਬ ਜੀ ਦੇ ਭੋਗ ਉਪਰੰਤ ਦੀਵਾਨ ਸਜਾਏ ਗਏ। ਉਪਰੰਤ ਬੁਲਾਰਿਆਂ ਨੇ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਨੂੰ ਬੁਲਾਰਿਆਂ ਨੇ ਸ਼ਰਧਾਂਜਲੀਆਂ ਅਰਪਣ ਕੀਤੀਆਂ। ਡਾ. ਅਮਰਜੀਤ ਸਿੰਘ ਨੇ ਸਿੱਖ ਕੌਮ ਵਿੱਚ ਸ਼ਹਾਦਤ ਦੇ ਸੰਕਲਪ ਬਾਰੇ ਚਾਨਣਾ ਪਾਇਆ।

ਉਨ੍ਹਾਂ ਤੋਂ ਉਪਰੰਤ ਡਾ. ਇਕਤਦਿਆਰ ਚੀਮਾ ਨੇ ਭਾਈ ਪਰਮਜੀਤ ਸਿੰਘ ਨਾਲ ਆਪਣੀਆਂ ਸਾਂਝਾ ਦਾ ਜ਼ਿਕਰ ਕੀਤਾ। ਉਨ੍ਹਾਂ ਵੱਲੋਂ ਸਿੱਖ ਕੌਮ ਲਈ ਕੀਤੇ ਗਏ ਵਿਸ਼ੇਸ਼ ਕਾਰਜ਼ਾਂ ਬਾਰੇ ਚਾਨਣਾ ਪਾਇਆ। ਭਾਈ ਪੰਜਵੜ ਦੇ ਰੂ-ਪੋਸ਼ ਜਿੰਦਗੀ ਵਿੱਚ ਕੀਤੇ ਪੰਥਕ ਅਤੇ ਕੌਮ ਦੀ ਚੜ੍ਹਦੀ ਕਲਾ ਦੇ ਕੰਮਾਂ ਬਾਰੇ ਸੀਮਤ ਸ਼ਬਦਾਂ ਵਿੱਚ ਦੱਸਿਆ। ਇਸ ਸਰਧਾਂਜਲੀ ਸਮਾਗਮ ਵਿੱਚ ਭਾਈ ਪੰਜਵੜ ਦੇ ਛੋਟੇ ਸਪੁੱਤਰ ਵਿਸ਼ੇਸ ਤੌਰ ਤੇ ਪਹੁੰਚੇ ਹੋਏ ਸਨ। ਗੁਰਦਵਾਰਾ ਸਾਹਿਬ ਜੀ ਦੀ ਪ੍ਰਬੰਧਕ ਕਮੇਟੀ ਵੱਲੋ ਭਾਈ ਪੰਜਵੜ ਦੇ ਸਪੁੱਤਰ ਅਤੇ ਆਏ ਬੁਲਾਰਿਆਂ ਡਾ. ਅਮਰਜੀਤ ਸਿੰਘ ਅਤੇ ਡਾ. ਇਕਤਦਿਆਂਰ ਚੀਮਾ ਦਾ ਸਨਮਾਨ ਕੀਤਾ ਗਿਆ।

# ਕਨੇਡਾ ਵੱਲੋਂ ਭਾਰਤ ਵਿਰੁੱਧ ਜਾਸੂਸੀ ਅਤੇ ਵਿਦੇਸ਼ੀ ਦਖਲਅੰਦਾਜ਼ੀ ਦੇ ਗੰਭੀਰ ਦੋਸ਼

## ਰਿਪੋਰਟ 'ਚ ਭਾਰਤ ਨੂੰ ਚੀਨ, ਰੂਸ, ਈਰਾਨ ਅਤੇ ਪਾਕਿਸਤਾਨ ਵਰਗੇ ਦੇਸ਼ਾਂ ਦੀ ਸੂਚੀ 'ਚ ਕੀਤਾ ਸ਼ਾਮਲ

ਟੋਰਾਂਟੋ:ਕੈਨੇਡਾ ਦੀ ਖੁਫੀਆ ਏਜੰਸੀ 'ਕੈਨੇਡੀਅਨ ਸੁਰੱਖਿਆ ਖੁਫੀਆ ਸੇਵਾ' (ਸੀ.ਐੱਸ.ਆਈ.ਐੱਸ.) ਨੇ ਆਪਣੀ "ਪਬਲਿਕ ਰਿਪੋਰਟ 2025" ਵਿਚ ਭਾਰਤ ਵਿਰੁੱਧ ਜਾਸੂਸੀ ਅਤੇ ਵਿਦੇਸ਼ੀ ਦਖਲਅੰਦਾਜ਼ੀ ਦੇ ਗੰਭੀਰ ਦੋਸ਼ ਲਗਾਏ ਹਨ। ਇਸ ਰਿਪੋਰਟ ਵਿਚ ਭਾਰਤ ਨੂੰ ਚੀਨ, ਰੂਸ, ਈਰਾਨ ਅਤੇ ਪਾਕਿਸਤਾਨ ਵਰਗੇ ਦੇਸ਼ਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ, ਜੋ ਕੈਨੇਡੀਅਨ ਧਰਤੀ 'ਤੇ ਵਿਦੇਸ਼ੀ ਦਖਲ ਅੰਦਾਜ਼ੀ ਅਤੇ ਜਾਸੂਸੀ ਗਤੀਵਿਧੀਆਂ ਵਿਚ ਸ਼ਾਮਲ ਹਨ। ਏਜੰਸੀ ਦਾ ਦਾਅਵਾ ਹੈ ਕਿ ਭਾਰਤ ਨੇ ਆਪਣੇ ਰਣਨੀਤਕ ਹਿੱਤਾਂ ਨੂੰ ਅੱਗੇ ਵਧਾਉਣ ਲਈ ਕੈਨੇਡੀਅਨ ਸਿਆਸਤਦਾਨਾਂ ਅਤੇ ਪੱਤਰਕਾਰਾਂ ਨਾਲ ਗੁਪਤ ਸਬੰਧ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਸੀ.ਐੱਸ.ਆਈ. ਐੱਸ. ਰਿਪੋਰਟ ਭਾਰਤ ਨਾਲ ਸਬੰਧਤ ਕਈ ਗੱਲਾਂ ਬਾਰੇ ਚਿੰਤਾਵਾਂ ਪੈਦਾ ਕਰਦੀ ਹੈ। ਏਜੰਸੀ ਦਾ ਦੋਸ਼ ਹੈ ਕਿ ਨਵੀਂ ਦਿੱਲੀ ਨੇ ਆਪਣੇ ਰਣਨੀਤਕ ਹਿੱਤਾਂ ਨੂੰ ਅੱਗੇ ਵਧਾਉਣ ਲਈ ਕੈਨੇਡੀਅਨ ਸਿਆਸਤਦਾਨਾਂ, ਪੱਤਰਕਾਰਾਂ ਅਤੇ ਇੰਡੋ-ਕੈਨੇਡੀਅਨ ਭਾਈਚਾਰੇ ਦੇ ਮੈਂਬਰਾਂ ਨਾਲ ਗੁਪਤ ਸਬੰਧ ਬਣਾਉਣ ਲਈ "ਇਤਿਹਾਸਕ" ਯਤਨ ਕੀਤੇ ਹਨ। ਇਸ ਤੋਂ ਇਲਾਵਾ, ਰਿਪੋਰਟ ਵਿਚ "ਅੰਤਰਰਾਸ਼ਟਰੀ ਦਮਨ" ਦਾ ਜ਼ਿਕਰ ਕੀਤਾ ਗਿਆ ਹੈ, ਜਿਸ ਵਿਚ ਦਾਅਵਾ ਕੀਤਾ ਗਿਆ ਹੈ ਕਿ ਨਿਗਰਾਨੀ ਅਤੇ ਦਬਾਅ ਵਰਗੀਆਂ ਰਣਨੀਤੀਆਂ ਦੀ ਵਰਤੋਂ ਭਾਰਤ ਸਰਕਾਰ ਦੀ ਆਲੋਚਨਾ ਨੂੰ ਦਬਾਉਣ ਲਈ ਕੀਤੀ ਗਈ ਹੈ।

# ਨੇਪਾਲ ਨੇ ਕਿਹਾ- ਭਾਰਤੀ ਯਾਤਰੀ ਲਿਪੁਲੇਖ ਰਾਹੀਂ ਯਾਤਰਾ ਨਾ ਕਰਨ, ਇਹ ਸਾਡਾ ਇਲਾਕਾ

ਕਾਠਮੰਡੂ: ਨੇਪਾਲ ਸਰਕਾਰ ਨੇ ਭਾਰਤੀ ਯਾਤਰੀਆਂ ਨੂੰ ਲਿਪੁਲੇਖ ਰਾਹੀਂ ਕੈਲਾਸ਼ ਮਾਨਸਰੋਵਰ ਯਾਤਰਾ ਨਾ ਕਰਨ ਦੀ ਅਪੀਲ ਕੀਤੀ ਹੈ। ਨੇਪਾਲ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ 1816 ਦੀ ਸੁਗੌਲੀ ਸੰਧੀ ਮੁਤਾਬਕ ਲਿੰਪਿਆਧੁਰਾ, ਲਿਪੁਲੇਖ ਅਤੇ ਕਾਲਾਪਾਨੀ ਖੇਤਰ ਨੇਪਾਲ ਦਾ ਹਿੱਸਾ ਹਨ।

ਸਰਕਾਰ ਨੇ ਦੱਸਿਆ ਕਿ ਲਿਪੁਲੇਖ ਰਾਹੀਂ ਹੋਣ ਵਾਲੀ ਯਾਤਰਾ 'ਤੇ ਉਸਨੇ ਭਾਰਤ ਅਤੇ ਚੀਨ ਦੋਨਾਂ ਨੂੰ ਕੂਟਨੀਤਿਕ ਤੌਰ 'ਤੇ ਆਪਣਾ ਇਤਰਾਜ਼ ਦਰਜ ਕਰਵਾ ਦਿੱਤਾ ਹੈ।

ਨੇਪਾਲ ਪਹਿਲਾਂ ਵੀ ਭਾਰਤ ਨੂੰ ਇਸ ਖੇਤਰ ਵਿੱਚ ਸੜਕ ਨਿਰਮਾਣ, ਵਪਾਰ ਅਤੇ ਸੈਲਾਨੀ ਗਤੀਵਿਧੀਆਂ ਰੋਕਣ ਲਈ ਕਹਿ ਚੁੱਕਾ ਹੈ। ਦੂਜੇ ਪਾਸੇ, ਭਾਰਤ ਨੇ ਨੇਪਾਲ ਦੇ ਦਾਅਵੇ ਨੂੰ ਰੱਦ ਕਰਦਿਆਂ ਕਿਹਾ ਕਿ ਇਸ ਦਾ ਕੋਈ ਢੁਕਵਾਂ ਇਤਿਹਾਸਕ ਸਬੂਤ ਨਹੀਂ ਹੈ। ਇਸ ਮਾਮਲੇ ਨਾਲ ਦੋਨਾਂ ਦੇਸ਼ਾਂ ਵਿਚ ਤਣਾਅ ਵਧਣ ਦੀ ਸੰਭਾਵਨਾ ਬਣ ਗਈ ਹੈ।

Award Winner Realtor in Fraser Valley
*RESIDENTIAL *COMMERCIAL *AGRICULTURAL
ਘਰ, ਬੇਰੀ ਫਾਰਮ, ਖਾਲੀ ਜ਼ਮੀਨ, ਲਾਟ ਜਾਂ ਵਪਾਰਕ ਜਾਇਦਾਦ ਖਰੀਦਣ ਜਾਂ ਵੇਚਣ ਵੇਲੇ ਵਾਜਬ ਰੇਟ ਅਤੇ ਸ਼ਾਨਦਾਰ ਸੇਵਾਵਾਂ ਲਈ ਹਮੇਸ਼ਾਂ ਯਾਦ ਰੱਖੋ
2026
DR. GURVINDER SINGH DHALIWAL®
ਡਾ. ਗੁਰਵਿੰਦਰ ਸਿੰਘ ਧਾਲੀਵਾਲ PERSONAL REAL ESTATE CORPORATION M.A., Ph.D
604-825-1550
gurvindersinghprec@gmail.com
WEBSITE:WWW.GURVINDERSINGHDHALIWAL.COM

ਸੁਪਰ ਵੀਜ਼ਾ
ਦੇ ਲਈ ਵਿਜ਼ਟਰ ਇਨਸ਼ੋਰੈਂਸ
ਵੀਜ਼ਾ ਨਾ ਲਗਣ ਤੇ 100% ਪੈਸੇ ਵਾਪਸ
"ਬੈਂਕ ਮੋਰਟਗੇਜ ਇੰਸ਼ੋਰੈਂਸ ਲੈਣ ਤੋਂ ਪਹਿਲਾਂ ਜਾਂ ਜੇ ਤੁਹਾਡੇ ਕੋਲ ਪਹਿਲਾਂ ਹੀ ਬੈਂਕ ਮੋਰਟਗੇਜ ਇੰਸ਼ੋਰੈਂਸ ਹੈ ਤਾਂ ਤੁਹਾਨੂੰ ਪਰਸਨਲ ਇੰਸ਼ੋਰੈਂਸ ਲਈ ਜਾਣਾ ਚਾਹੀਦਾ ਹੈ।"
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਡੈਂਟਲ ਤੇ ਮੈਡੀਕਲ ਪਲੈਨ • ਆਰ ਈ ਐਸੱ ਪੀ, ਆਰ ਆਰ ਐਸੱ ਪੀ
• ਮਨੀ-ਬੈਕ ਟਰਮ ਇੰਸ਼ੋਰੈਂਸ
• ਕ੍ਰਿਟੀਕਲ ਇਲਨੈਸ ਇੰਸ਼ੋਰੈਂਸ
• ਪਰੋਵਿੰਸ ਤੋਂ ਬਾਹਰ ਕਵਰੇਜ
• ਸਪੈਸ਼ਲ ਡਿਸਅਬਿਲਿਟੀ ਇੰਸ਼ੋਰੈਂਸ ਟੈਕਸੀ ਤੇ ਟਰੱਕ ਡਰਾਈਵਰਾਂ ਵਾਸਤੇ
ਅਸੀ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ
Insurance ਸਾਡੇ ਕੋਲ 10, 15, 20 ਸਾਲਾਂ ਦੇ ਗਰੰਟਿਡ ਪਲੈਨ ਹਨ।
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਨਵੇਂ ਅਤੇ ਪੁਰਾਣੇ ਟਰੱਕ ਅਤੇ ਟਰੇਲਰ, ਬੱਸਾਂ ਖਰੀਦਣ ਲਈ ਇਕ ਸਟਾਪ ਮੰਜ਼ਿਲ
ਵਧੇਰੇ ਜਾਣਕਾਰੀ ਲਈ ਫੋਨ ਕਰੋ:672-727-9560 (ਇਸ਼ਤਿਹਾਰ ਸਫਾ ਬੀ-7 ਤੇ ਦੇਖੋ)

ਗੁਰੂ ਨਾਨਕ ਜ਼ਿਊਲਰਜ਼ ਲਿਮ.
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ। ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜ਼ਾਨਾ
Ph:604-209-2722

MOHIE Travel Ltd.
#122-32083 Hillcrest Ave, Abbotsford
• DOMESTIC & INTERNATIONAL TICKETS • TOURS • CRUISES
ਅਸੀਂ ਪਾਸਪੋਰਟ ਬਣਾਉਣ ਲਈ ਹਰੇਕ ਤਰ੍ਹਾਂ ਦੇ ਫਾਰਮ ਭਰਦੇ ਹਾਂ
ਟਰੈਵਲ ਟਿਕਟ ਸਰਵਿਸਿਜ਼
Contact Jarnail S Maan 604-746-9222
Email:mohietravel@gmail.com

Universal Auto Collision Ltd.
• ICBC Claims • Private Claims • Free Courtesy Cars
• Auto Glass Replacement • Free Estimates Fax: 604-596-3800
We Moved To New Location
27441-FRASER HWY. ALDERGROVE, BC
ਆਈ. ਸੀ. ਬੀ. ਕਲੇਮਜ਼ ਪ੍ਰਾਈਵੇਟ ਕਲੇਮਜ਼ ਫਰੀ ਐਸਟੀਮੇਟ
ਫਰੀ ਕਰਟਸੀ ਕਾਰ ਆਟੋ ਗਲਾਸ ਰਿਪਲੇਸਮੈਂਟ
Ph. 604-596-2800 Satisfaction Guarantee

PACIFIC NURSERIES
*Certified Imported from USA
*High Quality & Healty Plants
*Ready to Plant *Potted in One Gallon
ONLY FOR WHOLESALERS
TO BOOK YOUR ORDER CONTACT:
ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਤਿਆਰ ਹਨ
778-552-0305


FARM AND SPICE
FARM AND SPICE
Weekly Special
Celebrate Mother's Day
With a special 10% discount on Vinod Pressure Cookers available in 5 liters & 3 liters !
*Special Sampling in Certain Stores*
May 08 - 14
ਆਵਾਕੈਡੋ
Avocado
Each
$0.99
ਅਦਰਕ
Ginger
Per lb
$1.49
ਲਸਨ
Garlic
1 Kg
$2.99
ਸੇਬ
Apple Red delicious
Per lb
$1.49
ਨਿੰਬੂ
Lemon
2 for
$0.99
ਸੰਤਰੇ
Mandarin
Per lb
$1.49
ਰੁਸੈਟ ਆਲੂ
Russet Potatoes
10 Lbs
$3.99
ਲਾਲ ਗਾਜਰ
Red Fruit Carrot
Per lb
$1.49
ਹੀਰ ਚਕੀ ਆਟਾ
Heer Chakki Fresh / Whole Wheat Atta
20 Lbs
$11.99
ਵਿਦਿਆ ਗੋਲਗਪੇ
Vidya Gol Gappa
290 gms
$5.99
ਰੂਹਅਫਜ਼ਾ ਪਾਕਿਸਤਨੀ
Roohafza Pakistani1
800 ML
Each
$3.99
ਹੀਰ ਚੀਟੀ / ਭੂਰੀ ਖੰਡ
Heer White/Brown Sugar
8 Lbs
$7.99
ਅਮਾਇਆ ਪਨੀਰ
Amaya Paneer
350 gms
$4.49
ਸ਼ੇਰ ਬੇਸਨ
Sher Besan
4 Lbs
$4.99
ਗੰਗਾ ਫੂਲ ਮਖਾਣਾ
Ganga Phool Makhana
400 gms
$11.99
ਟਾਟਾ ਗੋਲਡ ਚਾਹ
Tata Tea Gold
450 gms
$6.99
*while supply last
Open 7 Days a Week
8:30 am to 10:00 pm
farmandspice.com
#9546-9548 Scott Town Plaza
96 Ave Scott Road Surrey
# 09-10 12830 96 Ave.
Surrey BC | Tel: 604 930 7742
# 103-104 14320 64 Ave.
Surrey BC | Tel: 604 593 6323

# ਪੰਜਾਬ ਵਿੱਚ ਹੋਰ ਪਾਰਟੀਆਂ ਦੇ ਵੱਡੇ ਚਿਹਰੇ ਸ਼ਾਮਲ ਹੋਣ ਨਾਲ ਕੀ ਭਾਜਪਾ ਨੂੰ ਫਾਇਦਾ ਹੋਇਆ?



ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਵਿੱਚ ਬੀਜੇਪੀ ਪ੍ਰਤੀ ਵੱਡਾ ਰੋਹ ਸੀ, ਪਰ ਬਾਵਜੂਦ ਇਸ ਦੇ ਚੋਣਾਂ ਦੇ ਕੁਝ ਸਮਾਂ ਬਾਅਦ ਤੋਂ ਲਗਾਤਾਰ ਹੋਰਨਾਂ ਪਾਰਟੀਆਂ ਦੇ ਲੀਡਰਾਂ ਦਾ ਬੀਜੇਪੀ ਵਿੱਚ ਸ਼ਾਮਲ ਹੋਣ ਦਾ ਸਿਲਸਿਲਾ ਤੁਰਿਆ। ਉਂਝ ਤਾਂ ਪੰਜਾਬ ਵਿੱਚ ਬੀਜੇਪੀ ਦੀ ਸਿਆਸੀ ਜ਼ਮੀਨ ਪਹਿਲਾਂ ਵੀ ਬਹੁਤੀ ਮਜ਼ਬੂਤ ਨਹੀਂ ਸੀ, ਪਰ ਕੇਂਦਰ ਵਿੱਚ ਬੀਜੇਪੀ ਸਰਕਾਰ ਵੱਲੋਂ ਲਿਆਂਦੇ ਤਿੰਨ ਖੇਤੀ ਕਾਨੂੰਨਾਂ ਨੇ ਉਸ ਵੇਲੇ ਪੰਜਾਬ ਵਿੱਚ ਬੀਜੇਪੀ ਦੇ ਅਧਾਰ ਨੂੰ ਹੋਰ ਖੋਰਾ ਲਗਾਇਆ।

ਦਿੱਲੀ ਦੇ ਬਾਰਡਰਾਂ ‘ਤੇ ਤਕਰੀਬਨ ਇੱਕ ਸਾਲ ਤੋਂ ਵੱਧ ਸਮੇਂ ਤੱਕ ਲੱਗੇ ਕਿਸਾਨੀ ਮੋਰਚੇ ਦੇ ਦਬਾਅ ਵਿੱਚ ਤਿੰਨ ਖੇਤੀਬਾੜੀ ਕਾਨੂੰਨ ਵਾਪਸ ਲੈ ਲਏ ਗਏ ਸਨ, ਪਰ ਪੰਜਾਬ ਦੇ ਲੋਕਾਂ ਦੇ ਦਿਲ ਵਿੱਚ ਬੀਜੇਪੀ ਲਈ ਹਮਦਰਦੀ ਨਹੀਂ ਬਣ ਸਕੀ ਸੀ। ਇਨ੍ਹਾਂ ਕਾਨੂੰਨਾਂ ਕਰਕੇ ਪਿਆ ‘ਰੱਫੜ’ ਹੀ ਸ਼੍ਰੋਮਣੀ ਅਕਾਲੀ ਦਲ ਦੇ ਬੀਜੇਪੀ ਨਾਲੋਂ ਗਠਜੋੜ ਤੋੜਨ ਪਿਛਲੀ ਮਜਬੂਰੀ ਬਣਿਆ।

ਪੰਜਾਬ ਵਿੱਚ ਬੀਜੇਪੀ ਪ੍ਰਤੀ ਗੁੱਸੇ ਦੀ ਭਾਵਨਾ ਦੇ ਬਾਵਜੂਦ ਸੂਬੇ ਦੀਆਂ ਹੋਰ ਸਿਆਸੀ ਪਾਰਟੀਆਂ ਤੋਂ ਨਾਮੀ ਚਿਹਰੇ ਬੀਜੇਪੀ ਵਿੱਚ ਸ਼ਾਮਲ ਹੋਏ। ਇਨ੍ਹਾਂ ਲੀਡਰਾਂ ਵਿੱਚ ਸਭ ਤੋਂ ਵੱਡਾ ਨਾਮ ਕੈਪਟਨ ਅਮਰਿੰਦਰ ਸਿੰਘ ਦਾ ਆਉਂਦਾ ਹੈ। ਉਨ੍ਹਾਂ ਨੇ ਕਾਂਗਰਸ ਹਾਈਕਮਾਂਡ ਨਾਲ ਚੱਲ ਰਹੇ ਵਿਵਾਦ ਅਤੇ ਪਾਰਟੀ ਵਿੱਚ ਉਨ੍ਹਾਂ ਖ਼ਿਲਾਫ਼ ਉੱਠ ਰਹੀਆਂ ਵਿਰੋਧੀ ਸੁਰਾਂ ਕਾਰਨ ਸਤੰਬਰ 2021 ਵਿੱਚ ਮੁੱਖ ਮੰਤਰੀ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਕਾਂਗਰਸ ਛੱਡ ਕੇ ਪਹਿਲਾਂ ਉਨ੍ਹਾਂ ਨੇ ਆਪਣੀ ਵੱਖਰੀ ਪਾਰਟੀ ਪੰਜਾਬ ਲੋਕ ਕਾਂਗਰਸ ਬਣਾਈ ਸੀ ਅਤੇ ਬਾਅਦ ਵਿੱਚ ਸਤੰਬਰ 2022 ‘ਚ ਬੀਜੇਪੀ ਨਾਲ ਜਾ ਰਲ਼ੇ। ਕੈਪਟਨ ਨੇ ਬੀਜੇਪੀ ਨਾਲ ਰਲ਼ਣ ਪਿੱਛੇ ਰਾਸ਼ਟਰੀ ਸੁਰੱਖਿਆ ਦਾ ਹਵਾਲਾ ਦਿੱਤਾ ਸੀ। ਸੁਨੀਲ ਜਾਖੜ ਮਈ 2022 ਵਿੱਚ ਕਾਂਗਰਸ ਦਾ ਲੰਬੇ ਸਮੇਂ ਦਾ ਸਾਥ ਛੱਡ ਕੇ ਬੀਜੇਪੀ ਵਿੱਚ ਗਏ ਸਨ। ਉਨ੍ਹਾਂ ਦੇ ਬੀਜੇਪੀ ਵਿੱਚ ਜਾਣ ਦੇ ਕਾਰਨਾਂ ਵਿੱਚ ਕੈਪਟਨ ਅਮਰਿੰਦਰ ਸਿੰਘ ਦੇ ਅਸਤੀਫੇ ਤੋਂ ਬਾਅਦ ਮਜ਼ਬੂਤ ਦਾਅਵੇਦਾਰੀ ਦੇ ਬਾਵਜੂਦ ਉਨ੍ਹਾਂ ਦੀ ਬਜਾਏ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਉਣਾ ਮੰਨਿਆ ਗਿਆ। ਜਾਖੜ ਨੇ ਕਾਂਗਰਸ ਹਾਈਕਮਾਂਡ ਨਾਲ ਨਰਾਜ਼ਗੀ ਜ਼ਾਹਿਰ ਕਰਦਿਆਂ ਧਰਮ ਤੇ ਜਾਤੀਵਾਦੀ ਸਿਆਸਤ ਦਾ ਇਲਜ਼ਾਮ ਲਗਾਇਆ ਸੀ। ਉਨ੍ਹਾਂ ਨੇ ਸਵਾਲ ਚੁੱਕਿਆ ਸੀ ਕਿ ਕੋਈ ਹਿੰਦੂ ਪੰਜਾਬ ਦਾ ਮੁੱਖ ਮੰਤਰੀ ਕਿਉਂ ਨਹੀਂ ਬਣ ਸਕਦਾ? ਨਾਲ ਹੀ ਰਾਸ਼ਟਰਵਾਦੀ ਹਿੱਤਾਂ ਦਾ ਹਵਾਲਾ ਦਿੰਦਿਆਂ ਬੀਜੇਪੀ ਨੂੰ ਖ਼ੁਦ ਲਈ ਸਹੀ ਪਾਰਟੀ ਕਰਾਰ ਦਿੱਤਾ ਸੀ। ਹੁਣ ਸੁਨੀਲ ਜਾਖੜ ਪੰਜਾਬ ਬੀਜੇਪੀ ਦੇ ਪ੍ਰਧਾਨ ਹਨ। ਰਵਨੀਤ ਸਿੰਘ ਬਿੱਟੂ, ਮਾਰਚ 2024 ਵਿੱਚ ਬੀਜੇਪੀ ‘ਚ ਸ਼ਾਮਲ ਹੋਏ। ਉਨ੍ਹਾਂ ਦੇ ਕਾਂਗਰਸ ਛੱਡਣ ਦਾ ਕਾਰਨ ਕਾਂਗਰਸ ਦਾ ਅੰਦਰੂਨੀ ਕਲੇਸ਼ ਦੱਸਿਆ ਗਿਆ ਅਤੇ ਬਿੱਟੂ ਨੇ ਰਾਸ਼ਟਰਵਾਦ ਅਤੇ ਸ਼ਾਂਤੀ ਬਹਾਲੀ ਲਈ ਬੀਜੇਪੀ ਨੂੰ ਸਹੀ ਮੰਚ ਦੱਸਿਆ। ਬੀਜੇਪੀ ਨੇ ਬਿੱਟੂ ਨੂੰ ਰਾਜਸਥਾਨ ਤੋਂ ਰਾਜ ਸਭਾ ਮੈਂਬਰ ਬਣਾ ਕੇ ਕੇਂਦਰੀ ਰਾਜ ਮੰਤਰੀ ਵੀ ਬਣਾਇਆ। ਇੱਕ ਹੋਰ ਵੱਡਾ ਚਿਹਰਾ ਮਨਪ੍ਰੀਤ ਸਿੰਘ ਬਾਦਲ ਹਨ ਜੋ 2023 ਵਿੱਚ ਕਾਂਗਰਸ ਛੱਡ ਕੇ ਬੀਜੇਪੀ ਵਿੱਚ ਗਏ। ਬਠਿੰਡਾ ਤੋਂ ਸਾਬਕਾ ਵਿਧਾਇਕ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪੁਰਾਣੇ ਸਿਪਾਹੀ ਸਰੂਪ ਚੰਦ ਸਿੰਗਲਾ ਵੀ ਬੀਜੇਪੀ ਵਿੱਚ ਸ਼ਾਮਲ ਹੋਣ ਵਾਲੇ ਚਿਹਰਿਆਂ ਵਿੱਚ ਵੱਡਾ ਨਾਮ ਹਨ, ਜੋ ਜੂਨ 2022 ਵਿੱਚ ਭਾਜਪਾ ‘ਚ ਸ਼ਾਮਲ ਹੋ ਗਏ ਸਨ। ਇਹ ਕੁਝ ਚੁਣਿੰਦਾ ਨਾਮ ਹਨ, ਪਰ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਤੋਂ ਬੀਜੇਪੀ ਵਿੱਚ ਸ਼ਾਮਲ ਹੋਏ ਪੰਜਾਬ ਦੇ ਸਿਆਸਤਦਾਨਾਂ ਦੀ ਫ਼ਹਿਰਿਸਤ ਕਾਫ਼ੀ ਲੰਬੀ ਹੈ। ਸਭ ਦੇ ਕਾਰਨ ਵੱਖੋ-ਵੱਖਰੇ ਹਨ। ਹਾਲ ਹੀ ਵਿੱਚ ਬੀਜੇਪੀ ਵਿੱਚ ਸ਼ਾਮਲ ਹੋਣ ਵਾਲੇ ਆਮ ਆਦਮੀ ਪਾਰਟੀ ਦੇ ਸੱਤ ਰਾਜ ਸਭਾ ਮੈਂਬਰਾਂ ਵਿੱਚੋਂ ਛੇ- ਰਾਘਵ ਚੱਢਾ, ਹਰਭਜਨ ਸਿੰਘ, ਸੰਦੀਪ ਪਾਠਕ, ਅਸ਼ੋਕ ਮਿੱਤਲ, ਵਿਕਰਮਜੀਤ ਸਿੰਘ ਸਾਹਨੀ ਅਤੇ ਰਾਜਿੰਦਰ ਗੁਪਤਾ ਪੰਜਾਬ ਤੋਂ ਚੁਣੇ ਹੋਏ ਮੈਂਬਰ ਸਨ। ਹਾਲ ਹੀ ਵਿੱਚ ਬੀਜੇਪੀ ਵਿੱਚ ਸ਼ਾਮਲ ਹੋਣ ਵਾਲੇ ਆਮ ਆਦਮੀ ਪਾਰਟੀ ਦੇ ਸੱਤ ਰਾਜ ਸਭਾ ਮੈਂਬਰਾਂ ਵਿੱਚੋਂ ਛੇ- ਰਾਘਵ ਚੱਢਾ, ਹਰਭਜਨ ਸਿੰਘ, ਸੰਦੀਪ ਪਾਠਕ, ਅਸ਼ੋਕ ਮਿੱਤਲ, ਵਿਕਰਮਜੀਤ ਸਿੰਘ ਸਾਹਨੀ ਅਤੇ ਰਾਜਿੰਦਰ ਗੁਪਤਾ ਪੰਜਾਬ ਤੋਂ ਚੁਣੇ ਹੋਏ ਮੈਂਬਰ ਸਨਹੁਣ ਤੱਕ ਬੀਜੇਪੀ ਦਾ ਪੰਜਾਬ ਵਿੱਚ ਸਿਆਸੀ ਦਾਇਰਾ ਸ਼ਹਿਰੀ ਅਤੇ ਹਿੰਦੂ ਵੋਟਰਾਂ ਤੱਕ ਦੇਖਿਆ ਜਾਂਦਾ ਸੀ, ਪਰ ਬੀਜੇਪੀ ਲਗਾਤਾਰ ਆਪਣੇ ਦਾਇਰੇ ਨੂੰ ਵਧਾਉਣ ਅਤੇ ਸੂਬੇ ਅੰਦਰ ਆਪਣੇ ਦਮ ‘ਤੇ ਖੜ੍ਹੀ ਹੋਣ ਦੀ ਕੋਸ਼ਿਸ਼ ਕਰ ਰਹੀ ਹੈ। ਵਿਸ਼ਲੇਸ਼ਕ ਮੰਨਦੇ ਹਨ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਵਿੱਚ ਬੀਜੇਪੀ 2022 ਦੀਆਂ ਚੋਣਾਂ ਦੇ ਸਮੇਂ ☞













# ਇੰਮੀਗ੍ਰੇਸ਼ਨ ਸਖ਼ਤੀਆਂ ਦਾ ਅਸਰ, ਕੈਨੇਡਾ ’ਚ ਕਿਰਾਏ ਲਈ ਚਾੜ੍ਹੇ ਘਰਾਂ ’ਚ ਬੋਲ ਰਹੇ ਨੇ ਘੁੱਗੂ

ਕੈਨੇਡਾ ਵਿਚ ਜਦੋਂ ਤੋਂ ਇਮੀਗ੍ਰੇਸ਼ਨ ‘ਤੇ ਬਰੇਕਾਂ ਲੱਗੀਆਂ ਹਨ ਉਦੋਂ ਤੋਂ ਬਹੁਤ ਸਾਰੇ ਖੇਤਰ ਪ੍ਰਭਾਵਤ ਹੋਏ ਹਨ। ਕੈਨੇਡਾ ਦੇ ਪ੍ਰਮੁੱਖ ਉਦਯੋਗ ਰੀਅਲ ਅਸਟੇਟ ਦੀ ਗੱਲ ਕਰੀਏ ਤਾਂ ਇਹ ਸੱਭ ਤੋਂ ਵੱਧ ਪ੍ਰਭਾਵਤ ਹੋਈ ਹੈ। ਜਦੋਂ ਕੈਨੇਡਾ ਵਿਚ ਕੌਮਾਂਤਰੀ ਵਿਦਿਆਰਥੀਆਂ ਤੇ ਪਰਵਾਸੀਆਂ ਦੀ ਆਮਦ ਸਿਖਰਾਂ ਉੱਤੇ ਸੀ ਤਾਂ ਇਥੇ ਉਨ੍ਹਾਂ ਲੋਕਾਂ ਨੇ ਧੜਾਧੜ ਘਰ ਖਰੀਦਣੇ ਸ਼ੁਰੂ ਕਰ ਦਿਤੇ ਜਿਨ੍ਹਾਂ ਕੋਲ ਚਾਰ ਪੈਸੇ ਸਨ, ਤਾਂ ਜੋ ਘਰ ਕਿਰਾਏ ‘ਤੇ ਚੜ੍ਹਾਅ ਕੇ ਚੋਖੀ ਕਮਾਈ ਕਰ ਸਕਣ। ਇਸ ਨਾਲ ਰੀਅਲ ਅਸਟੇਟ ਦੇ ਕਾਰੋਬਾਰ ਵਿਚ ਉਛਾਲ ਆਇਆ ਤੇ ਘਰਾਂ ਦੀਆਂ ਕੀਮਤਾਂ ਅਸਮਾਨੀ ਚੜ੍ਹ ਗਈਆਂ। ਪਰ ਮਾਰਕ ਕਾਰਨੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਇਮੀਗ੍ਰੇਸ਼ਨ ‘ਤੇ ਸਖਤੀਆਂ ਵਧੀਆਂ ਤੇ ਤੇਜ਼ੀ ਨਾਲ ਕੌਮਾਂਤਰੀ ਵਿਦਿਆਰਥੀਆਂ ਸਣੇ ਪਰਵਾਸੀਆਂ ਦੀ ਗਿਣਤੀ ਘਟੀ। ਜਿਹੜੇ ਲੋਕ ਕੈਨੇਡਾ ਵਿਚ ਗ਼ੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਸਨ ਜਾਂ ਜਿਨ੍ਹਾਂ ਦੀ ਪੜ੍ਹਾਈ ਪੂਰੀ ਹੋ ਗਈ, ਉਨ੍ਹਾਂ ਨੂੰ ਵਾਪਸ ਅਪਣੇ -ਅਪਣੇ ਮੁਲਕਾਂ ਵਿਚ ਭੇਜਿਆ ਜਾ ਰਿਹਾ ਹੈ। ਕੋਈ ਸਮਾਂ ਸੀ ਜਦੋਂ ਕੈਨੇਡਾ ਵਿਚ ਬੇਸਮੈਂਟਾਂ ਵੀ ਭਰੀਆਂ ਰਹਿੰਦੀਆਂ ਸਨ ਪਰ ਹੁਣ ਇਮੀਗ੍ਰੇਸ਼ਨ ‘ਤੇ ਸਖਤੀਆਂ ਤੋਂ ਬਾਅਦ ਮਕਾਨ ਮਾਲਕਾਂ ਨੂੰ ਕਿਰਾਏਦਾਰ ਵੀ ਨਹੀਂ ਲੱਭ ਰਹੇ। ਕੈਨੇਡਾ ਦੇ ਵੱਡੇ ਸ਼ਹਿਰਾਂ ‘ਚ ਮਕਾਨ ਖਾਲੀ ਪਏ ਹਨ, ਜਿਥੇ ਘੁੱਗੂ ਬੋਲ ਰਹੇ ਹਨ। ਸਾਲ 2025 ਦੀ ਰੀਪੋਰਟ ਮੁਤਾਬਿਕ ਕੈਨੇਡਾ ਦੀ ਆਬਾਦੀ ਨੂੰ ਬਰੇਕਾਂ ਲੱਗ ਗਈਆਂ। ਆਬਾਦੀ ਵਿਚ ਕੋਈ ਵਾਧਾ ਨਹੀਂ ਹੋਇਆ।

---

☞ ਦੇ ਮੁਕਾਬਲੇ ਵਿੱਚ ਇਸ ਵੇਲੇ ਵੱਧ ਤਕੜੀ ਹੈ। ਵਿਸ਼ਲੇਸ਼ਕਾਂ ਦੀ ਰਾਇ ਇਹ ਵੀ ਹੈ ਕਿ ਬੀਜੇਪੀ ਪ੍ਰਤੀ ਜਿਸ ਤਰ੍ਹਾਂ ਦਾ ਰੋਸ 2022 ਦੀਆਂ ਚੋਣਾਂ ਵੇਲੇ ਸੀ, ਉਹ ਹੁਣ ਨਹੀਂ ਹੈ। ਕਈਆਂ ਦਾ ਮੰਨਣਾ ਹੈ ਕਿ ਹੋਰਾਂ ਪਾਰਟੀਆਂ ਵਿੱਚੋਂ ਆਏ ਵੱਡੇ ਲੀਡਰਾਂ, ਖਾਸ ਕਰਕੇ ਸਿੱਖ ਚਿਹਰਿਆਂ ਦੇ ਬੀਜੇਪੀ ਵਿੱਚ ਆਉਣ ਨਾਲ ਪਾਰਟੀ ਨੂੰ ਸੂਬੇ ਵਿੱਚ ਫ਼ਾਇਦਾ ਹੋਇਆ ਹੈ।

ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਕਹਿੰਦੇ ਹਨ, “ਪਹਿਲੀ ਗੱਲ ਤਾਂ ਇਹ ਕਿ ਅਕਾਲੀ ਤੇ ਕਾਂਗਰਸੀ ਆਗੂਆਂ ਵਿੱਚ ਜੋ ਪਹਿਲਾਂ ਬੀਜੇਪੀ ਵਿੱਚ ਜਾਣ ਪ੍ਰਤੀ ਝਿਜਕ ਸੀ, ਉਹ ਹੁਣ ਨਹੀਂ ਰਹੀ। ਦੂਜਾ, ਖਾਸ ਕਰਕੇ ਸਿੱਖ ਹਲਕਿਆਂ ਵਿੱਚ ਮਾਨਸਿਕ ਤੌਰ ‘ਤੇ ਉਸ ਤਰ੍ਹਾਂ ਸਵੀਕਾਰਿਆ ਨਹੀਂ ਜਾਂਦਾ ਸੀ, ਪਰ ਹੁਣ ਇਹ ਸਵੀਕ੍ਰਿਤੀ ਵਧੀ ਹੈ।“ਕੁਝ ਮਾਹਿਰਾਂ ਦਾ ਮੰਨਣਾ ਇਹ ਹੈ ਕਿ ਬੀਜੇਪੀ ਪੰਜਾਬ ਵਿੱਚ ਪਹਿਲਾਂ ਦੇ ਮੁਕਾਬਲੇ ਮਜ਼ਬੂਤ ਤਾਂ ਹੋਈ, ਪਰ ਇਸ ਵਿੱਚ ਬਾਹਰੀ ਪਾਰਟੀਆਂ ਤੋਂ ਆਏ ਲੀਡਰਾਂ ਦਾ ਕੋਈ ਬਹੁਤਾ ਯੋਗਦਾਨ ਨਹੀਂ ਬਲਕਿ ਬੀਜੇਪੀ ਦੀ ਰਣਨੀਤੀ ਹੈ।

ਰਾਜਨੀਤੀ ਸ਼ਾਸਤਰ ਦੇ ਮਾਹਿਰ, ਪ੍ਰੋਫੈਸਰ ਮੁਹੰਮਦ ਖਾਲਿਦ ਮੁਤਾਬਕ, ਬੀਜੇਪੀ ਪਿਛਲੇ ਪੰਜ ਸਾਲ ਤੋਂ ਪੂਰੀ ਵਾਹ ਲਗਾ ਰਹੀ ਹੈ ਕਿ ਖ਼ੁਦ ਨੂੰ ਪੰਜਾਬ ਦੇ ਅਨੁਕੂਲ ਕਰ ਲਵੇ। ਇਸ ਲਈ ਪਾਰਟੀ ਨੇ ਕਈ ਪਹਿਲੂਆਂ ‘ਤੇ ਕੰਮ ਕੀਤਾ ਹੈ ਜਿਸ ਵਿੱਚ ਸਿੱਖ ਚਿਹਰਿਆਂ ਸਮੇਤ ਦੂਜੀਆਂ ਪਾਰਟੀਆਂ ਤੋਂ ਵੱਡੇ ਲੀਡਰ ਬੀਜੇਪੀ ਵਿੱਚ ਰਲਾਉਣਾ ਸ਼ਾਮਲ ਹੈ। ਆਉਣ ਵਾਲੇ ਸਮੇਂ ਵਿੱਚ ਦੂਜੀਆਂ ਪਾਰਟੀਆਂ ਤੋਂ ਲੀਡਰਾਂ ਦਾ ਬੀਜੇਪੀ ਵਿੱਚ ਆਉਣਾ ਹੋਰ ਵਧਣ ਦੀ ਸੰਭਾਵਨਾ ਵੀ ਖਾਲਿਦ ਨੇ ਜਤਾਈ। ਖਾਲਿਦ ਕਹਿੰਦੇ ਹਨ, “ਜੇ ਅਸੀਂ ਕਹੀਏ ਕਿ ਜਨ ਅਧਾਰ ਵਧਿਆ ਹੈ, ਤਾਂ ਓਨਾ ਨਹੀਂ ਜਿੰਨਾ ਬੀਜੇਪੀ ਉਮੀਦ ਕਰ ਰਹੀ ਹੈ। ਪਰ ਪਹਿਲਾਂ ਨਾਲੋਂ ਵਧਿਆ ਹੈ, ਇਸ ਵਿੱਚ ਕੋਈ ਸ਼ੱਕ ਨਹੀਂ। ਬੀਜੇਪੀ ਪੰਜਾਬ ਵਿੱਚ ਖ਼ੁਦ ਨੂੰ ਲੀਡਿੰਗ ਪਾਰਟੀ ਬਣਾਉਣ ਲਈ ਵਾਹ ਲਗਾ ਰਹੀ ਹੈ ਅਤੇ ਬਣ ਵੀ ਸਕਦੀ ਹੈ। ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਬੀਜੇਪੀ ਪੰਜਾਬ ਦੀ ਅਗਲੀ ਚੋਣ ਤੱਕੜੀ ਹੋਕੇ ਲੜੇਗੀ।“

ਪਰ ਮੁਹੰਮਦ ਖਾਲਿਦ ਬੀਜੇਪੀ ਦੀ ਖੁਦ ਨੂੰ ਸਿੱਖ ਹਿਤੈਸ਼ੀ ਦਿਖਾਉਣ ਦੀਆਂ ਕੋਸ਼ਿਸ਼ਾਂ, ਡੇਰਿਆਂ ਜ਼ਰੀਏ ਐੱਸਸੀ ਭਾਈਚਾਰੇ ਦੇ ਧਰੁਵੀਕਰਨ, ਕੇਂਦਰ ਤੇ ਪੰਜਾਬ ਵਿੱਚ ਇੱਕੋ ਸਰਕਾਰ ਹੋਣ ਦੇ ਫਾਇਦੇ ਮਿਲਣ ਦੇ ਦਾਅਵਿਆਂ ਨੂੰ ਬੀਜੇਪੀ ਦੀ ਪੰਜਾਬ ਵਿੱਚ ਪ੍ਰਵਾਨਗੀ ਵਧਣ ਦੇ ਕਾਰਨ ਦੱਸਦੇ ਹਨ।

ਨਵਦੀਪ ਕੌਰ ਗਰੇਵਾਲ


THANDI AUTO CARE CENTRE LTD
WE DO REPAIR OF ALL MAKES & MODELS
- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟਿਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ

Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com
12383-83A Ave, Surrey, BC



SAVVY
iccrc crcic Immigration Services Inc.
ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ
*Temporary Visa *Student Visa
*Work Permit *Permanent Immigration
*Humanitarian & Compassionate Cases

Harpreet K Grewal:604-832-9581
Email:info@savvyimmigrations.com www.savyimmigration.com
Unit A-32088, Cedar Lane, Abbotsford BC Canada
Mon–Sat:10:00 AM-06:00 PM Closed on Sunday



FIXMAN
GLASS REPAIR LTD
Auto Residential Commercial
“We Are The Clear Choice” GLASS EXPRESS
Windshield Repair & Replacement
We do ICBC and Private Claims in Cars, Vans, SUV, Trucks & Taxis and Offer Mobile Service
• ਆਈ ਸੀ ਬੀ ਸੀ ਅਤੇ ਪ੍ਰਾਈਵੇਟ ਕਲੇਮ • ਕਾਰੀਗਿਰੀ, ਲੀਕਸ ਅਤੇ ਰਾਕ ਚਿਪਸ ਤੇ
• ਲਾਈਫਟਾਈਮ ਵਾਰੰਟੀ • ਮੋਬਾਈਲ ਸਰਵਿਸ • ਬੱਗ ਸਕਰੀਨ ਵੀ ਲਾਉਂਦੇ ਹਾਂ
• ਕਾਰ ਨੂੰ ਮੁਫਤ ਸਾਫ ਕਰਦੇ ਹਾਂ • ਚੱਕਣ ਅਤੇ ਛੱਡਣ ਦਾ ਵੀ ਪ੍ਰਬੰਧ ਹੈ
2 Locations Serves You
SURREY
#301-14640-64Ave Surrey
Ph:604-657-0003
LANGLEY
#102-5968 205A St
Ph:778-258-3000

Mandeep Dhaliwal
www.fixmanglass.com Email:fixmanglass@gmail.com



Punjab TRAVELS


ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

ਜੀਵਨ ਸਿੰਘ ਮੋਗਾ
▸▸ ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
▸▸ ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
▸▸ ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ
Ph : 604-825-3075, 604-744-4400
2642 Cedar Park Abbotsford, British Columbia V2T 3S5



SekCheck FINGERPRINTING SERVICES
*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver
Ph:604-628-4446, 778-536-1188
#255-13711-72Ave Surrey, BC

# ਕੈਲਗਰੀ ਵਿਖ਼ੇ ਖਾਲਿਸਤਾਨ ਦੇ ਨਾਅਰਿਆਂ ਨੇ ਦਿਲਜੀਤ ਦੁਸਾਂਝ ਨੂੰ ਲਾਈਵ ਪ੍ਰਦਰਸ਼ਨ ਰੋਕਣ ਲਈ ਕੀਤਾ ਮਜਬੂਰ

## *ਸ਼੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋ ਕੇ ਮੰਗੇ ਮੁਆਫੀ ਜਾਂ ਅਗਲੇ ਪ੍ਰੋਗਰਾਮਾਂ ਵਿਚ ਕਰੇ ਵਿਰੋਧ ਦਾ ਸਾਹਮਣਾ*

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਕੈਨੇਡੀਅਨ ਸਿੱਖਾਂ ਨੇ ਦਿਲਜੀਤ ਦੁਸਾਂਝ ਦੇ ਕੈਲਗਰੀ ਸੰਗੀਤ ਸਮਾਰੋਹ ਵਿੱਚ ਭਾਰੀ ਹੰਗਾਮਾ ਕੀਤਾ, ਖਾਲਿਸਤਾਨ ਦੇ ਝੰਡੇ ਲਹਿਰਾਏ ਅਤੇ "ਖਾਲਿਸਤਾਨ ਜ਼ਿੰਦਾਬਾਦ" ਦੇ ਨਾਅਰੇ ਲਗਾਏ - ਪ੍ਰਦਰਸ਼ਨ ਦੇ ਵਿਚਕਾਰ ਅਚਾਨਕ ਵਿਘਨ ਪੈਣ ਕਰਕੇ ਕੁਝ ਸਮੇਂ ਲਈ ਲਾਈਵ ਪ੍ਰਦਰਸ਼ਨ ਨੂੰ ਰੋਕਣ ਲਈ ਮਜਬੂਰ ਕੀਤਾ।



ਜਿਕਰਯੋਗ ਹੈ ਕਿ ਦਿਲਜੀਤ ਦੁਸਾਂਝ ਨੂੰ ਐਸਐਫਜੇ ਦੁਆਰਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਕਿਉਂਕਿ ਉਸਨੇ ਦਿੱਲੀ ਅਤੇ ਵੱਖ ਵੱਖ ਰਾਜਾਂ ਵਿਚ ਸਿੱਖ ਨਸਲਕੁਸ਼ੀ ਨੂੰ "ਖ਼ੂਨ ਦਾ ਬਦਲਾ ਖ਼ੂਨ" ਨਾਹਰੇ ਲਗਾ ਕੇ ਭੜਕਾਣ ਵਾਲੇ ਅਮਿਤਾਭ ਬੱਚਨ ਨੂੰ ਮੁੜ ਵਸਾਉਣ ਦੀ ਕੋਸ਼ਿਸ਼ ਕੀਤੀ ਅਤੇ ਹੁਣ ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਤੋਂ ਬਾਅਦ ਉਸਨੂੰ ਭਾਜਪਾ-ਆਰਐਸਐਸ ਏਜੰਡੇ ਵਜੋਂ ਖੇਡਦੇ ਹੋਏ ਦੇਖਿਆ ਜਾ ਰਿਹਾ ਹੈ।

ਉਨ੍ਹਾਂ ਚੇਤਾਵਨੀ ਦਿੱਤੀ ਕਿ ਦਿਲਜੀਤ ਦੁਸਾਂਝ ਕੈਨੇਡਾ ਅਤੇ ਅਮਰੀਕਾ ਵਿੱਚ ਵੀ ਖਾਲਿਸਤਾਨ ਪੱਖੀ ਸਿੱਖਾਂ ਦਾ ਸਾਹਮਣਾ ਕਰੇਗਾ ਜਦੋਂ ਤੱਕ ਉਹ ਸ਼੍ਰੀ ਅਕਾਲ ਤਖ਼ਤ ਸਾਹਿਬ ਅੱਗੇ ਆਪਣੇ ਆਪ ਨੂੰ ਸਮਰਪਣ ਨਹੀਂ ਕਰ ਦਿੰਦਾ ਅਤੇ ਅਮਿਤਾਭ ਬੱਚਨ ਨੂੰ ਪ੍ਰਮੋਟ ਕਰਨ ਲਈ ਮੁਆਫ਼ੀ ਨਹੀਂ ਮੰਗਦਾ ਹੈ।

# ਕੈਨੇਡਾ 'ਚ ਕਪਿਲ ਸ਼ਰਮਾ ਦੇ ਕੈਫੇ ਨੇੜੇ ਫਿਰ ਗੋਲੀਬਾਰੀ ਲਾਰੈਂਸ ਬਿਸ਼ਨੋਈ ਗੈਂਗ ਨੇ ਕਪਿਲ ਸ਼ਰਮਾ ਨੂੰ ਦਿੱਤੀ ਧਮਕੀ

ਸਰੀ-ਕੈਨੇਡਾ ਦੇ ਸਰੀ ਵਿਚ ਬਾਲੀਵੁੱਡ ਕਾਮੇਡੀਅਨ ਕਪਿਲ ਸ਼ਰਮਾ ਦੇ ਕੈਫੇ ਨੇੜੇ ਗੋਲੀਬਾਰੀ ਦੀ ਘਟਨਾ ਵਾਪਰੀ ਹੈ। ਇਹ ਘਟਨਾ 120ਵੀਂ ਸਟਰੀਟ ਇਲਾਕੇ ਵਿੱਚ ਵਾਪਰੀ, ਜਿਸ ਨਾਲ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਫੈਲ ਗਿਆ। ਸਥਾਨਕ ਮੀਡੀਆ ਰਿਪੋਰਟਾਂ ਦੇ ਅਨੁਸਾਰ, ਕਪਿਲ ਸ਼ਰਮਾ ਦਾ ਕੈਪਸ ਕੈਫੇ ਅਤੇ ਕਈ ਹੋਰ ਕੈਫੇ ਗੋਲੀਬਾਰੀ ਵਾਲੀ ਥਾਂ ਦੇ ਨੇੜੇ ਸਥਿਤ ਹਨ। ਹਾਲਾਂਕਿ, ਇਹ ਅਜੇ ਸਪੱਸ਼ਟ ਨਹੀਂ ਹੈ ਕਿ ਗੋਲੀਬਾਰੀ ਦਾ ਸਿੱਧਾ ਨਿਸ਼ਾਨਾ ਕਿਹੜਾ ਸਥਾਨ ਸੀ। ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਨੇੜਲੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਦੀ ਜਾਂਚ ਕਰ ਰਹੀ ਹੈ।

ਸੂਤਰਾਂ ਅਨੁਸਾਰ, ਇਸ ਘਟਨਾ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਕੁਝ ਕਥਿਤ ਤੌਰ 'ਤੇ ਧਮਕੀ ਭਰੀਆਂ ਪੋਸਟਾਂ ਸਾਹਮਣੇ ਆਈਆਂ ਹਨ, ਜਿਨ੍ਹਾਂ ਵਿੱਚ ਕਪਿਲ ਸ਼ਰਮਾ ਅਤੇ ਉਨ੍ਹਾਂ ਦੇ ਕੈਫੇ ਬਾਰੇ ਚੇਤਾਵਨੀਆਂ ਸ਼ਾਮਲ ਹਨ। ਇਨ੍ਹਾਂ ਪੋਸਟਾਂ ਦੀ ਅਜੇ ਤੱਕ ਸੁਤੰਤਰ ਤੌਰ 'ਤੇ ਪੁਸ਼ਟੀ ਨਹੀਂ ਕੀਤੀ ਗਈ ਹੈ, ਅਤੇ ਨਾ ਹੀ ਕਿਸੇ ਅਧਿਕਾਰਤ ਏਜੰਸੀ ਦੁਆਰਾ ਇਨ੍ਹਾਂ ਦੀ ਪੁਸ਼ਟੀ ਕੀਤੀ ਗਈ ਹੈ।ਇਸ ਤਾਜ਼ਾ ਘਟਨਾ ਤੋਂ ਬਾਅਦ, ਕੈਨੇਡੀਅਨ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਹਰਕਤ ਵਿੱਚ ਆ ਗਈਆਂ ਹਨ। ਇਲਾਕੇ ਨੂੰ ਘੇਰ ਲਿਆ ਗਿਆ ਹੈ, ਅਤੇ ਫੋਰੈਂਸਿਕ ਟੀਮਾਂ ਨੇ ਘਟਨਾ ਸਥਾਨ ਤੋਂ ਸਬੂਤ ਇਕੱਠੇ ਕੀਤੇ ਹਨ। ਪੁਲਿਸ ਦਾ ਕਹਿਣਾ ਹੈ ਕਿ ਉਹ ਸਾਰੇ ਸੰਭਾਵਿਤ ਪਹਿਲੂਆਂ ਦੀ ਜਾਂਚ ਕਰ ਰਹੇ ਹਨ, ਅਤੇ ਕੋਈ ਵੀ ਸਿੱਟਾ ਕੱਢਣਾ ਬਹੁਤ ਜਲਦੀ ਹੋਵੇਗਾ। ਇਸ ਦੌਰਾਨ, ਕਪਿਲ ਸ਼ਰਮਾ ਨੇ ਇਸ ਘਟਨਾ ਬਾਰੇ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਹੈ। ਉਹ ਇਸ ਸਮੇਂ ਆਪਣੇ ਆਉਣ ਵਾਲੇ ਪ੍ਰੋਜੈਕਟਾਂ ਅਤੇ ਨੈੱਟਫਲਿਕਸ ਸ਼ੋਅ ਲਈ ਖ਼ਬਰਾਂ ਵਿੱਚ ਹਨ।

# ਪਾਕਿਸਤਾਨ ਨੂੰ ਚੀਨ ਤੋਂ ਮਿਲਣਗੇ ਜੇ-35 ਸਟੈਲਥ ਲੜਾਕੂ ਜਹਾਜ਼

ਇਸਲਾਮਾਬਾਦ: ਪਾਕਿਸਤਾਨ ਨੂੰ ਜਲਦ ਹੀ ਚੀਨ ਤੋਂ ਜੇ-35 ਲੜਾਕੂ ਜਹਾਜ਼ ਮਿਲ ਸਕਦੇ ਹਨ। ਜੇ-35 ਇਕ ਸਟੈਲਥ ਲੜਾਕੂ ਜਹਾਜ਼ ਹੈ, ਜਿਸ ਨੂੰ ਆਮ ਰਾਡਾਰ ਰਾਹੀਂ ਡਿਟੈਕਟ ਕਰਨਾ ਕਾਫੀ ਮੁਸ਼ਕਲ ਹੈ। ਚੀਨ ਨੇ ਇਸ ਨੂੰ ਖ਼ਾਸ ਤੌਰ 'ਤੇ ਉਨ੍ਹਾਂ ਦੇਸ਼ਾਂ ਨੂੰ ਵੇਚਣ ਲਈ ਬਣਾਇਆ ਹੈ, ਜੋ ਪੱਛਮੀ ਲੜਾਕੂ ਜਹਾਜ਼ ਨਹੀਂ ਖ਼ਰੀਦ ਸਕਦੇ। ਚੀਨ ਦੇ ਖ਼ਰੀਦਦਾਰਾਂ ਵਿਚ ਪਾਕਿਸਤਾਨ ਵੀ ਸ਼ਾਮਲ ਹੈ, ਜੋ ਅਮਰੀਕਾ ਦੇ ਐਫ਼-35 ਜੈੱਟ ਖ਼ਰੀਦਣ ਦੇ ਕਾਬਲ ਨਹੀਂ ਹੈ।

ਰਿਪੋਰਟਾਂ ਅਨੁਸਾਰ ਪਾਕਿਸਤਾਨ ਚੀਨ ਤੋਂ 40 ਜੇ-35 ਲੜਾਕੂ ਜਹਾਜ਼ ਖ਼ਰੀਦੇਗਾ, ਜਿਸ ਨਾਲ ਦੱਖਣੀ ਏਸ਼ੀਆ ਵਿਚ ਹਵਾਈ ਸ਼ਕਤੀ ਦਾ ਸੰਤੁਲਨ ਬਦਲ ਸਕਦਾ ਹੈ। ਪਾਕਿਸਤਾਨ ਜੇ-35 ਨੂੰ ਖ਼ਾਸ ਤੌਰ 'ਤੇ ਭਾਰਤ ਦੇ ਰਾਫ਼ੇਲ ਲੜਾਕੂ ਜਹਾਜ਼ਾਂ ਦੇ ਤੋੜ ਵਜੋਂ ਖ਼ਰੀਦ ਰਿਹਾ ਹੈ।

ਪਾਕਿਸਤਾਨ ਨੇ ਚੀਨ ਦੇ ਨਾਲ ਜੋ ਡੀਲ ਕੀਤੀ ਹੈ, ਉਸ ਦੇ ਤਹਿਤ ਉਸ ਨੂੰ 40 ਜੇ-35 ਲੜਾਕੂ ਜਹਾਜ਼ ਮਿਲਣਗੇ। ਇਸ ਤੋਂ ਇਲਾਵਾ ਚੀਨ ਪਾਕਿਸਤਾਨੀ ਪਾਇਲਟਾਂ ਨੂੰ ਟਰੇਨਿੰਗ ਵੀ ਦੇਵੇਗਾ।







# ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

# ਇਸ ਹਫਤੇ ਦੇ ਪ੍ਰੋਗਰਾਮ

6 ਮਈ ਦਿਨ ਬੁੱਧਵਾਰ ਭੋਗ ਸ੍ਰੀ ਸਹਿਜ ਪਾਠ ਗੁਰੂ ਘਰ ਵਿਖੇ ਹਰਭਜਨ ਕੌਰ ਕੋਹਲੀ ਪਰਿਵਾਰ ਵੱਲੋਂ

7 ਮਈ ਦਿਨ ਵੀਰਵਾਰ ਅਨੰਦ ਕਾਰਜ 10 ਵਜੇ ਬੀਬੀ ਰਵਨੀਤ ਕੌਰ ਅਤੇ ਕਾਕਾ ਤਰਮਨਦੀਪ ਸਿੰਘ

8 ਮਈ ਦਿਨ ਸ਼ੁੱਕਰਵਾਰ ਪਾਠ ਸ਼੍ਰੀ ਸੁਖਮਨੀ ਸਾਹਿਬ ਜੀਵਨ ਸਿੰਘ ਚਹਿਲ ਪਰਿਵਾਰ ਦੇ ਘਰ ਵਿਖੇ

9 ਮਈ ਦਿਨ ਸ਼ਨੀਵਾਰ 10 ਵਜੇ ਆਨੰਦ ਕਾਰਜ ਬੀਬੀ ਸੁਖਮੀਤ ਕੌਰ ਕਾਕਾ ਹਰਨੂਰ ਸਿੰਘ

10 ਮਈ ਦਿਨ ਐਤਵਾਰ 9:30 ਵਜੇ ਪਾਠ ਸ਼੍ਰੀ ਸੁਖਮਨੀ ਸਾਹਿਬ ਗੁਰਤੇਜ ਸਿੰਘ ਧਾਲੀਵਾਲ ਪਰਿਵਾਰ ਵੱਲੋਂ ਗੁਰੂ ਘਰ ਵਿਖੇ

10 ਮਈ ਦਿਨ ਐਤਵਾਰ ਸਵੇਰੇ 10 ਵਜੇ ਪਾਠ ਸ਼੍ਰੀ ਸੁਖਮਨੀ ਸਾਹਿਬ ਬਲਕਾਰ ਸਿੰਘ ਜੀ ਦੇ ਘਰ ਵਿਖੇ

10 ਮਈ ਦਿਨ ਐਤਵਾਰ 12 ਵਜੇ ਤੋਂ 4 ਵਜੇ ਤੱਕ ਨਾਮ ਸਿਮਰਨ ਜਾਪ ਚੌਪਹਿਰਾ ਸਮਾਗਮ ਹੋਣਗੇ

**ਨੋਟ:ਗੁਰਦੁਆਰਾ ਸਾਹਿਬ ਵਿਖੇ ਬੁੱਧਵਾਰ, ਵੀਰਵਾਰ, ਸ਼ਨਿੱਚਰਵਾਰ ਅਤੇ ਐਤਵਾਰ ਸ਼ਾਮ 7-9 ਵਜੇ ਤੱਕ ਗੁਰਬਾਣੀ ਸੰਥਿਆ, ਕੀਰਤਨ ਤੇ ਪੰਜਾਬੀ ਦੀਆਂ ਕਲਾਸਾਂ ਲਗਦੀਆਂ ਹਨ**

| ਰਾਗੀ ਜੱਥਾ | ਕਥਾਵਾਚਕ | ਤਬਲਾ ਸਿੱਖਣ ਲਈ ਸੰਪਰਕ ਕਰੋ: |
|---|---|---|
| ਸਤਨਾਮ ਸਿੰਘ<br>ਲੁਧਿਆਣੇ ਵਾਲੇ | ਗਿਆਨੀ ਨਿਰਵੈਲ ਸਿੰਘ<br>ਬੀੜ ਬਾਬਾ ਬੁੱਢਾ ਜੀ ਵਾਲੇ | 604-585-0319 |

ਹਰ ਮੱਸਿਆ ਤੇ ਸ਼ਾਮ ਨੂੰ 6-9 ਵਜੇ ਵਿਸ਼ੇਸ਼ ਪ੍ਰੋਗਰਾਮ ਹੁੰਦੇ ਹਨ

**ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ:ਗੁਰਦੁਆਰਾ ਸਾਹਿਬ:604-585-0319**

**ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007**



ਗੁਰਬਾਣੀ ਸਿਮਰਨ ਹਰ ਐਤਵਾਰ ਦੁਪਹਿਰ 1 ਤੋਂ 4 ਵਜੇ ਤੱਕ ਹੁੰਦੇ ਹਨ

# ਰੋਜਾਨਾ ਦੇ ਪ੍ਰੋਗਰਾਮ

## ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼

5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ

6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ

8-8:30 ਵਜੇ ਤੱਕ: ਕਥਾ ਹੁਕਮਨਾਮਾ

8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

## ਸ਼ਾਮ

6-6.30 ਵਜੇ ਤੱਕ:ਪਾਠ ਸੋਦਰ

6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ‘ਕੌਰਨਾਮਾ-3’ ਛਪਣ ’ਤੇ ਸ਼ੁਕਰਾਨੇ ਵਜੋਂ ਗੁਰਦੁਆਰਾ ਸ੍ਰੀ ਲਿਖਣਸਰ ਸਾਹਿਬ ਵਿਖੇ ਕਰਵਾਈ ਗਈ ਅਰਦਾਸ



ਨਵੀਂ ਦਿੱਲੀ:ਜੂਨ 1984 ‘ਚ ਸ੍ਰੀ ਦਰਬਾਰ ਸਾਹਿਬ ‘ਚ ਸ਼ਹੀਦ ਹੋਈਆਂ ਬੀਬੀਆਂ ਦੀ ਗਾਥਾ ‘ਕੌਰਨਾਮਾ-3’ ਛਪਣ ‘ਤੇ ਸ਼ੁਕਰਾਨੇ ਵਜੋਂ ਗੁਰਦੁਆਰਾ ਸ੍ਰੀ ਲਿਖਣਸਰ ਸਾਹਿਬ ਵਿਖੇ ਅਰਦਾਸ ਕਰਵਾਈ ਗਈ।ਜਾਰੀ ਕੀਤੇ ਗਏ ਬਿਆਨ ਵਿਚ ਪੰਥਕ ਆਗੂ ਬਾਬਾ ਹਰਦੀਪ ਸਿੰਘ ਮਹਿਰਾਜ ਨੇ ਦੱਸਿਆ ਕਿ ਸੀਨੀਅਰ ਪੱਤਰਕਾਰ ਤੇ ਲੇਖਕ ਬਲਜਿੰਦਰ ਸਿੰਘ ਕੋਟਭਾਰਾ ਵੱਲੋਂ ਰਚਿਤ ਸਿੱਖ ਹਥਿਆਰਬੰਦ ਸੰਘਰਸ਼ ਦੌਰਾਨ ਸ਼ਹੀਦ ਹੋਈਆਂ ਬੀਬੀਆਂ ਦੀ ਚੱਲ ਰਹੀ ਵਾਰਤਾ ਦਾ ਕੌਰਨਾਮਾ-3 ਤੀਜਾ ਹਿੱਸਾ ਹੈ। ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ੍ਹ ਦੀ ਖ਼ਾਹਿਸ ਮੁਤਾਬਕ ਭਾਈ ਦਲਜੀਤ ਸਿੰਘ ਖਾਲਸਾ ਜੀ ਦੀ ਅਗਵਾਈ ਤੇ ਭਾਈ ਗੁਰਮੀਤ ਸਿੰਘ ਖਨਿਆਣ ਦੇ ਸਹਿਯੋਗ ਨਾਲ ਬਲਜਿੰਦਰ ਸਿੰਘ ਕੋਟਭਾਰਾ ਦੀ ਕਲਮ ਤੋਂ ਇਸ ਤੀਜੇ ਭਾਗ ਵਿੱਚ 3 ਤੋਂ 6 ਜੂਨ 1984 ਤੱਕ ਇੰਡੀਅਨ ਸਟੇਟ ਦੀਆਂ ਫ਼ੌਜਾਂ ਰਾਹੀ ਸ਼ਹੀਦ ਕੀਤੀਆਂ ਗਈਆਂ ਬੀਬੀਆਂ ਦੀ ਵਾਰਤਾ ਹੈ। ਇਹ ਤੱਥ ਇਸ ਹਮਲੇ ਵਿੱਚੋਂ ਬਚ ਗਏ ਸ਼ਹੀਦ ਬੀਬੀਆਂ ਦੇ ਵਾਰਿਸਾਂ ਦੀ ਹੱਡਬੀਤੀ ਕਹਾਣੀ ਹੈ।

ਇਹ ਦਾਸਤਾਨ ਸ਼ਹੀਦ ਬੀਬੀਆਂ ਦੀ ਸ਼ਹਾਦਤਾਂ ਪ੍ਰਤੀ ਦ੍ਰਿੜਾ, ਸਿੱਖੀ ਨਾਲ ਪਿਆਰ, ਵਿਸ਼ਵਾਸ, ਧਰਮ ‘ਚ ਪ੍ਰਪੱਕਤਾ ਆਦਿ ਦੇ ਤਾਂ ਰੂਬਰੂ ਹੁੰਦੀ ਹੀ ਹੈ, ਸਗੋਂ ਉਹਨਾਂ ਬੀਬੀਆਂ ਦੇ ਪਰਿਵਾਰਕ ਮੈਂਬਰਾਂ ਦੇ ਜਜਬਾਤ, ਦਰਦਾਂ ਦੀ ਤਰਜਮਾਨੀ ਵੀ ਕਰਦੀ ਹੈ।

ਅਰਦਾਸ ਮੌਕੇ ਬੀਬੀ ਕਰਮਜੀਤ ਕੌਰ, ਭਾਈ ਰਾਮ ਸਿੰਘ, ਬਾਬਾ ਜਸਵੰਤ ਸਿੰਘ ਤੇ ਲੇਖਕ ਬਲਜਿੰਦਰ ਸਿੰਘ ਕੋਟਭਾਰਾ ਹਾਜ਼ਰ ਸਨ।

# ਪੰਜਾਬ ਕਿਸੇ ਦੇ ਹੱਥਾਂ ਦਾ ਖਿਡੌਣਾ ਨਹੀਂ ਭਗਵੰਤ ਮਾਨ ਦਾ ਕੇਂਦਰ ‘ਤੇ ਤਿੱਖਾ ਵਾਰ



ਨਵੀਂ ਦਿੱਲੀ: ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ ਹੈ ਕਿ ਪੰਜਾਬ ਕੋਈ ਟਰੱਕ ਨਹੀਂ ਜਿਸਨੂੰ ਕੋਈ ਵੀ ਆ ਕੇ ਚਲਾਉਣ ਲੱਗ ਪਵੇ। ਉਨ੍ਹਾਂ ਇਹ ਗੱਲ ਰਾਸ਼ਟਰਪਤੀ ਨਾਲ ਮੁਲਾਕਾਤ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਕਹੀ।ਮਾਨ ਨੇ ਨਾਲ ਮੁਲਾਕਾਤ ਦੌਰਾਨ ਆਮ ਆਦਮੀ ਪਾਰਟੀ ਦੇ 7 ਰਾਜ ਸਭਾ ਮੈਂਬਰਾਂ ਵੱਲੋਂ ਪਾਰਟੀ ਛੱਡ ਕੇ ਵਿੱਚ ਸ਼ਾਮਲ ਹੋਣ ਦੇ ਮਾਮਲੇ ਨੂੰ ਗੈਰ-ਸੰਵਿਧਾਨਕ ਅਤੇ ਲੋਕਤੰਤਰ ਦਾ ਕਤਲ ਕਰਾਰ ਦਿੱਤਾ।ਰਾਸ਼ਟਰਪਤੀ ਭਵਨ ਤੋਂ ਬਾਹਰ ਆ ਕੇ ਉਨ੍ਹਾਂ ਕੇਂਦਰ ਸਰਕਾਰ ਤੇ ਤਿੱਖਾ ਨਿਸ਼ਾਨਾ ਸਾਧਦਿਆਂ ਕਿਹਾ ਕਿ ਪੰਜਾਬ ਵਿੱਚ ਅਪਰੇਸ਼ਨ ਲੋਟਸ ਵਰਗੀਆਂ ਰਾਜਨੀਤਿਕ ਚਾਲਾਂ ਕਦੇ ਸਫਲ ਨਹੀਂ ਹੋਣਗੀਆਂ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਵੱਲੋਂ ਵੱਖ-ਵੱਖ ਏਜੰਸੀਆਂ ਦੀ ਵਰਤੋਂ ਕਰਕੇ ਚੁਣੀਆਂ ਹੋਈਆਂ ਸਰਕਾਰਾਂ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਮੁੱਖ ਮੰਤਰੀ ਨੇ ਕਿਹਾ ਕਿ ਜਿਨ੍ਹਾਂ ਵਿਧਾਇਕਾਂ ਜਾਂ ਸੰਸਦ ਮੈਂਬਰਾਂ ਨੇ ਪਾਰਟੀ ਨਾਲ ਧੋਖਾ ਕੀਤਾ ਹੈ, ਉਨ੍ਹਾਂ ਦੀ ਮੈਂਬਰੀ ਤੁਰੰਤ ਰੱਦ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਦੇ ਲੋਕ ਅਜਿਹੀਆਂ ਰਾਜਨੀਤਿਕ ਸਾਜ਼ਿਸ਼ਾਂ ਨੂੰ ਕਦੇ ਕਾਮਯਾਬ ਨਹੀਂ ਹੋਣ ਦੇਣਗੇ।

A TO Z DRIVING SCHOOL

ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ




ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL
Lucky: 604-614-5365
Unit 15 - 8388 128 St., Surrey

TMG LOGISTICS INC.

Need Owner Operators

*Vancouver to California *California to Alberta Back Vancouver
*Vancouver to East USA Return

NOW HIRING

Good Paying Loads



Need Company Drivers
*Single Driver Pay 52cents/mile*
*Team Drivers 32 cents/mile*

FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

VELOCITY
TRUCK CENTRES

# DRIVE FORWARD WITH VELOCITY

## ਟਰੱਕ ਅਤੇ ਟਰੇਲਰਾਂ ਲਈ ਵੈਸਟਰਨ ਕਨੇਡਾ ਵਿਚ ਤੁਹਾਡਾ ਭਰੋਸੇਯੋਗ ਸਾਥੀ

ਸਾਡੀਆਂ ਮਾਹਰ ਟੀਮਾਂ ਅਤੇ ਪੂਰੀਆਂ ਸੇਵਾਵਾਂ ਦੀ ਰੇਂਜ ਨਾਲ
ਅਸੀਂ ਤੁਹਾਡੇ ਸਫਰ ਦੇ ਹਰ ਪੜਾਅ ਤੇ ਭਰੋਸੇਯੋਗ, ਪੂਰਨ ਸਹਾਇਤਾ ਪ੍ਰਦਾਨ ਕਰਦੇ ਹਾਂ

## ਨਵੇਂ ਅਤੇ ਯੂਜਡ ਟਰੱਕ, ਟਰੇਲਰ, ਬੱਸਾਂ




## TOTAL CUSTOMER SUPPORT

- ਸੇਲਜ: ਨਵੇਂ ਅਤੇ ਵਰਤੇ ਹੋਏ ਟਰੱਕ, ਟ੍ਰੇਲਰ, ਬੱਸਾਂ
- ਸੇਵਾਵਾਂ: ਸਾਰੇ ਮੇਕ ਅਤੇ ਮਾਡਲ
- ਪਾਰਟਸ: ਪਾਰਟਸ ਅਤੇ ਆਫਟਰ ਮਾਰਕੀਟ
- *ਬਾਡੀਸ਼ਾਪ: ਪੂਰੀ-ਸੇਵਾ ਕੁਲੀਜਨ ਰਿਪੇਅਰ

LOCATIONS

*ਪਾਰਟਸ ਅਤੇ ਆਫਟਰ ਮਾਰਕੀਟ ਪਾਰਟਸ *ਹਰੇਕ ਮੇਕ ਅਤੇ ਮਾਡਲ *ਬਾਡੀਸ਼ਾਪ ਫੁੱਲ ਸਰਵਿਸ ਕੁਲੀਜਨ ਰਿਪੇਅਰ

## ਕਿਰਾਏ ਤੇ ਲੋੜ ਹੈ?



ਭਾਵੇਂ ਤੁਸੀਂ ਥੋੜ੍ਹੇ ਸਮੇਂ ਦੇ ਪਾੜੇ ਨੂੰ ਭਰ ਰਹੇ ਹੋ ਜਾਂ ਆਪਣੇ ਫਲੀਟ ਦਾ ਵਿਸਥਾਰ ਕਰ ਰਹੇ ਹੋ, ਵੇਲੋਸਿਟੀ ਟਰੱਕ ਰੈਂਟਲ ਅਤੇ ਲੀਜ਼ਿੰਗ ਤੁਹਾਡੇ ਕਾਰੋਬਾਰ ਨੂੰ ਚਲਦਾ ਰੱਖਣ ਲਈ ਤਿਆਰ ਕੀਤੇ ਗਏ ਅਨੁਕੂਲਿਤ ਕਿਰਾਏ ਅਤੇ ਲੀਜ਼ਿੰਗ ਵਿਕਲਪ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਪ੍ਰਦਾਨ ਕਰਦਾ ਹੈ।

ਕਮਰਸ਼ੀਅਲ ਟਰੱਕ ਰੈਂਟਲ ਫੁੱਲ ਸਰਵਿਸ ਲੀਜਿੰਗ ਫਲੀਟ ਮੈਨੇਜਮੈਂਟ ਸਰਵਿਸਿਜ

Learn More About Our Services
855-412-7431
VelocityTruckRentalAndLeasing.ca

VELOCITY
TRUCK RENTAL & LEASING
CANADA

672.727.9560 | 604.888.1424 | velocitytruckcentres.ca
18688 - 96th Ave, Surrey, BC, V4N 3P9, Canada

# Call: 672-727-9560



• ਇੰਸ਼ੋਰੈਂਸ ਦੀਆਂ ਸਾਰੀਆਂ ਵੱਡੀਆਂ ਪਲੈਨਾਂ ਲੈਂਦੇ ਹਾਂ • ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਬੋਲਦੇ ਹਾਂ
• ਸ਼ਾਮ ਅਤੇ ਵੀਕਐਂਡ ਦੀਆਂ ਅਪਾਇੰਟਮੈਂਟਾਂ ਉਪਲਬੱਧ ਹਨ • ਸਕਾਟ ਰੋਡ ਗੁਰਦਵਾਰਾ ਦੇ ਨੇੜੇ, ਸਤਨਾਮ ਪਲਾਜ਼ਾ ਵਿੱਚ
ਪਿਛਲੇ 10 ਸਾਲਾਂ ਤੋਂ ਉੱਪਰ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ ਹਾਂ
For your family.. healthy beautiful smiles!
ਸੇਵਾਵਾਂ :
• ਜਾੜ ਭਰਨੀ
• ਦੰਦ ਕੱਢਣੇ
• ਕਰਾਊਨ ਤੇ ਬ੍ਰਿਜ
• ਡਿਜੀਟਲ ਐਕਸਰੇ
• ਵਾਈਟ ਫਿਲਿੰਗਸ
• ਦੰਦਾਂ ਦੀ ਸਫਾਈ ਅਤੇ ਚੈੱਕਅੱਪ
SERVICES:
• Extractions
• White Fillings
• Root Canals
• Crown & Bridge
• Digital X-Rays
• Teeth Cleaning & Checkup
• All Major Insurance Plans Accepted
• Punjabi, Hindi, Urdu Spoken
• New Patients Welcome
Evening & Weekend Appointment Available
Practising For Over 10 Years
ਇਮਰਜੈਂਸੀ ਅਪਾਇੰਟਮੈਂਟਾਂ ਉਪਲਬੱਧ ਹਨ
EVERSHINE FAMILY DENTISTRY
EVERSHINE
FAMILY DENTISTRY
ਤੁਹਾਡੇ ਪਰਿਵਾਰ ਲਈ...ਤੰਦਰੁਸਤ ਤੇ ਸੁੰਦਰ ਮੁਸਕਾਨ
72 Ave.
WALMART
RBC
BMO
SATNAM PLAZA
ENTRANCE
70 Ave.
604.593.6515
#111 - 7130 120th Street, Surrey, BC
Near Guru Nanak Sikh Gurdwara
Ground Floor of Satnam Plaza
(FREE AMPLE PARKING)
Dr. Anjanpal Kaur Bhalla
www.evershinedental.ca
ਡਾ. ਅੰਜਨਪਾਲ ਕੌਰ ਭੱਲਾ




.Ck Auto.
CK AUTO SERVICES LTD.
«Tune Ups «Oil Change
«Wheel alignment
«Transmission «Electrical
«Air Condition
«Electronic Fuel Injection
«Brakes «Repairs
«Propane & Natural Gas
«Computerized Wheel Alignment
«Tires & Wheel Balancing
AUTO REPAIR SERVICES
-REASONABLE RATES
-EXPERIENCED -QUALITY WORK
.Ck Auto.
Cell: 778-322-1610
Tel: 604-592-2667
#106-13112-84th Ave.,Surrey
Open Mon to Sat 9 am to 6pm
SUNDAY CLOSED
TARSHOTAM BIRAN




Discover the Real Punjabi Tadka
Chawla's²
SINCE 1960
The Famous Taste of Punjab
Veg & Non Veg
NOW OPEN
IN SURREY
ਲੁਧਿਆਣਾ ਦਾ ਮਸ਼ਹੂਰ
Chawla's Chicken
ਹੁਣ ਤੁਹਾਡੇ ਸ਼ਹਿਰ ਸਰੀ ਵਿਚ
Ph:778-637-0006
#107-8363 -128St, Surrey
Hours:Wednesday to Monday 10AM to 12 AM Closed:Tuesday

# LOVELY SWEET SHOP & RESTAURANT and BANQUET HALL

*Dine In Take Out*

**Breakfast Special Combo**

**10 am to 3pm**

**Prantha Plate**

Choose 2 pranthas from Aloo/Gobhi or Mooli
With curd, butter and pickle

ਮੱਕੀ ਦੀ ਰੋਟੀ ਸਰ੍ਹੋਂ ਦਾ ਸਾਗ



**ਸਪੈਸ਼ਲ:ਚਾਟ ਪਾਪੜੀ,ਭੱਲੇ, ਚਨਾ ਕੁਲਚਾ**



| ਫਰੈਸ਼ ਤੰਦੂਰ ਤੋਂ | ਤੰਦੂਰ ਤੋਂ ਸਪੈਸ਼ਲ |
|---|---|
| Nan | ਤੰਦੂਰੀ ਚਿਕਨ |
| Parantha | ਚਿਕਨ ਟਿੱਕਾ |
| Onion Nan | ਫਿਸ਼ ਤੰਦੂਰੀ |
| Garlic Nan | ਪਨੀਰ ਟਿੱਕਾ |
| Lacha Parantha | ਸੀਖ ਕਬਾਬ |
| Special Nan | |

| ਫਰੈਸ਼ ਵੈਜੀ ਡਿਸ਼ਾਂ | ਖਾਣੇ ਵਿਚ ਸਪੈਸ਼ਲ |
|---|---|
| ਸ਼ਾਹੀ ਪਨੀਰ | Butter Chicken |
| ਚਿਲੀ ਪਨੀਰ | Goat Curry |
| ਕੜਾਹੀ ਪਨੀਰ | Lamb Curry |
| ਦਾਲ ਮਖਣੀ | Chicken Curry |
| ਭਿੰਡੀ ਮਸਾਲਾ | Chicken Kadahi |
| ਮਿਕਸ ਵੈਜੀ | Chilli Chicken |

ਚਰਨਜੀਤ ਸਿੰਘ ਢਿਲੋਂ

**604-591-6660**
**604-591-6888**

ਵੈਜੀ ਅਤੇ ਨਾਨ ਵੈਜੀ ਦਾ ਪੂਰਾ ਖਿਆਲ ਰੱਖਦੇ ਹਾਂ

50 Person to 200 Person Party Hall

ਗੁਰਦੁਆਰਾ, ਮੰਦਰ, ਪਾਰਕ ਜਾਂ ਘਰ ਜਾ ਕੇ ਪੂਰੇ ਬੀ.ਸੀ ਵਿਚ ਤੰਦੂਰ ਲਾ ਕੇ ਜਿੰਨੇ ਮਰਜੀ ਬੰਦਿਆਂ ਲਈ ਤਾਜਾ ਖਾਣਾ ਬਣਾਉਂਦੇ ਹਾਂ

**ਕੇਟਰਿੰਗ ਸਪੈਸ਼ਲ**

7168-128th St Surrey — Open Everyday 10am - 10pm



www.deltondentures.com

# DELTON DENTURE CLINIC LTD.

Denturists Are Denture Specialist

**ਤੁਹਾਡੇ ਜੁਬਾੜੇ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ**

"We accept CANADIAN DENTAL CARE PLAN for Dentures"

- Complete Dentures
- Immediate Dentures
- Partial Dentures
- Dentures Over Implants
- Same Day Relines
- Repairs, Soft Linings
- Sport Guards

ਅਸੀਂ ਦੰਦ ਬਣਾਉਣ 'ਚ ਮਾਹਿਰ ਹਾਂ

**WE ARE DENTURISTS**




Business Category Denturist

**ਅਸੀਂ ਜੁਬਾੜੇ ਬਣਾਉਂਦੇ ਹਾਂ**

*Get a Beautiful Smile*





**Chris Kozakiewicz**
**BSc., R.D.**

Mon-Fri: 9am-5pm, Saturdays By Appointment

**Scott 72 Shopping Centre**

#209- 7313-120th St., Delta ( Above London Drugs & Staples )

**604.590.1111**



# ABHI FURNITURES LTD.

ਸਾਡੀ ਗਰੰਟੀ ਹੈ ਕਿ ਤੁਸੀ ਸਾਡੇ ਕੋਲ ਆ ਕੇ ਸਾਰੀਆਂ ਫਰਨੀਚਰ ਆਈਟਮ ਤੇ ਬੱਚਤਾਂ ਕਰੋਗੇ।

**SPRING SALE**
**BEST PRICES**

## ALL KINDS OF DESIGNER, MODERN AND CUSTOM FURNITURE







**Ph: 604-710-3286, 604-502-2244**

Web:abhiifurnitures.com Email:abhifurnitureltd@gmail.com

**#102-13030 115Ave, Surrey, BC** Business Hours: Mon-Sat 11am to 6pm Sunday:Closed

# ਗੁਰਦਵਾਰਾ ਨਾਨਕ ਨਿਵਾਸ




8600 - NO. 5 RD., RICHMOND, B.C. • TEL: (604)274-7479, FAX: (604) 274-0046

## ਆਉਣ ਵਾਲੇ ਪ੍ਰੋਗਰਾਮ

6 ਮਈ ਦਿਨ ਬੁੱਧਵਾਰ ਸਵੇਰੇ 10 ਵਜੇ ਜਗਰਾਜ ਸਿੰਘ ਕੰਗ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

7 ਮਈ ਦਿਨ ਵੀਰਵਾਰ ਸਵੇਰੇ 10 ਵਜੇ ਜਗਜੀਤ ਸਿੰਘ ਥਾਂਦੀ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

8 ਮਈ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਸ਼ਮਸ਼ੇਰ ਸਿੰਘ ਬਰਾੜ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

9 ਮਈ ਦਿਨ ਸ਼ਨੀਵਾਰ ਸਵੇਰੇ 10 ਵਜੇ ਨਵਇੰਦਰ ਸਿੰਘ ਸੰਧੂ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

9 ਮਈ ਦਿਨ ਸ਼ਨੀਵਾਰ ਸਾਮ 5 ਵਜੇ ਜਸਬੀਰ ਸਿੰਘ ਸਿੱਧੂ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਪਾਠ ਉਪਰੰਤ ਗੁਰਬਾਣੀ ਕੀਰਤਨ ਅਤੇ ਲੰਗਰਾਂ ਦੀ ਸੇਵਾ ਸਿੱਧੂ ਪਰਿਵਾਰ ਵੱਲੋਂ ਹੋਵੇਗੀ।

10 ਮਈ ਦਿਨ ਐਤਵਾਰ ਸਵੇਰੇ 9:30 ਵਜੇ ਹਰ ਐਤਵਾਰ ਹਫਤਾਵਾਰੀ ਦੀਵਾਨਾਂ ਦੀ ਆਰੰਭਤਾ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਨਾਲ ਹੋਇਆ ਕਰੇਗੀ, ਉਪਰੰਤ ਕੀਰਤਨ ਦੀਵਾਨ ਤੇ ਕਥਾ ਵਿਚਾਰ ਸਮਾਗਮ ਹੋਣਗੇ, ਉਪਰੰਤ ਲੰਗਰਾਂ ਦੀ ਸੇਵਾ ਸੰਗਤਾਂ ਦੇ ਸਹਿਯੋਗ ਨਾਲ ਹੋਵੇਗੀ।

10 ਮਈ ਦਿਨ ਐਤਵਾਰ ਸਾਮ 5 ਵਜੇ ਮੱਖਣ ਸਿੰਘ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ, ਗੁਰਬਾਣੀ ਕੀਰਤਨ ਅਤੇ ਲੰਗਰਾਂ ਦੀ ਸੇਵਾ ਪਰਿਵਾਰ ਵੱਲੋ ਹੋਵੇਗੀ।

13 ਮਈ ਦਿਨ ਬੁੱਧਵਾਰ ਸਵੇਰੇ 10 ਵਜੇ ਧੀਰਜ ਰਨੌਤਾ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

14 ਮਈ ਦਿਨ ਵੀਰਵਾਰ ਸਵੇਰੇ 10 ਵਜੇ ਰਜਨੀਸ਼ ਡੱਲਾ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

15 ਮਈ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਮਨਮੀਤ ਸਿੱਧੂ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

15 ਮਈ ਦਿਨ ਸ਼ੁੱਕਰਵਾਰ ਸ਼ਾਮ 6 ਵਜੇ ਜੇਠ ਮਹੀਨੇ ਦੀ ਸੰਗਰਾਂਦ ਦਿਹਾੜੇ ਨੂੰ ਮੁੱਖ ਰੱਖਦਿਆਂ ਹੋਇਆਂ ਸਾਮ ਦੇ ਦੀਵਾਨ ਵਿੱਚ ਗੁਰਬਾਣੀ ਕੀਰਕਨ ਕਥਾ ਵਿਚਾਰਾਂ ਤੇ ਲੰਗਰਾਂ ਦੀ ਸੇਵਾ ਸਮੂਹ ਸੰਗਤਾਂ ਤੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਹੋਵੇਗੀ।

16 ਮਈ ਦਿਨ ਸ਼ਨੀਵਾਰ ਸਵੇਰੇ 10 ਵਜੇ ਮਹਿੰਦਰਪਾਲ ਦੁਲੋਂ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

17 ਮਈ ਦਿਨ ਐਤਵਾਰ ਸਵੇਰੇ 9:30 ਵਜੇ ਹਰ ਐਤਵਾਰ ਹਫਤਾਵਾਰੀ ਦੀਵਾਨ ਦੀ ਆਰੰਭਤਾ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਨਾਲ ਹੋਇਆ ਕਰੇਗੀ,ਉਪਰੰਤ ਕੀਰਤਨ ਦੀਵਾਨ ਤੇ ਕਥਾ ਵਿਚਾਰ ਸਮਾਗਮ ਹੋਣਗੇ, ਉਪਰੰਤ ਲੰਗਰਾਂ ਦੀ ਸੇਵਾ ਸੰਗਤਾਂ ਦੇ ਸਹਿਯੋਗ ਨਾਲ ਹੋਵੇਗੀ।

18 ਮਈ ਦਿਨ ਸੋਮਵਾਰ ਸਵੇਰੇ 10 ਵਜੇ ਨਵਕਰਨ ਸਿੰਘ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕੀਰਤਨ, ਕਥਾ ਤੇ ਲੰਗਰਾਂ ਦੀ ਸੇਵਾ ਪਦਰਵਾਰ ਵੂੱ ਲੋ ਹੋਵੇਗੀ

19 ਮਈ ਦਿਨ ਮੰਗਲਵਾਰ ਸਵੇਰੇ 10 ਵਜੇ ਜਸਲੀਨ ਕੌਰ ਢਿੱਲੋਂ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

20 ਮਈ ਦਿਨ ਬੁੱਧਵਾਰ ਸਵੇਰੇ 10 ਵਜੇ ਜਸਨਜੀਤ ਰਾਏ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

21 ਮਈ ਦਿਨ ਵੀਰਵਾਰ ਸਵੇਰੇ 10 ਵਜੇ ਰੂਬੀ ਕੌਰ ਮਿਨਹਾਸ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

**ਸਮੂਹ ਸੰਗਤ ਨੂੰ ਬੇਨਤੀ ਹੈ ਕਿ ਹਰ ਐਤਵਾਰ ਸਵੇਰੇ 10.30 ਵਜੇ ਤੋਂ 12 ਵਜੇ ਤੱਕ ਹਫ਼ਤਾਵਾਰੀ ਕੀਰਤਨ, ਕਥਾ ਸਮਾਗਮ ਹੁੰਦੇ ਹਨ, ਸੰਗਤ ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਹਫ਼ਤਾਵਾਰੀ ਸਮਾਗਮ ਵਿੱਚ ਆ ਕੇ ਆਪਣੇ ਜੀਵਨ ਨੂੰ ਸਫਲ ਕਰੋ।ਜੇ ਕਿਸੇ ਪਰਿਵਾਰ ਨੇ ਹਫ਼ਤਾਵਾਰੀ ਦੀਵਾਨ ਵਿੱਚ ਗੁਰਬਾਣੀ ਕੀਰਤਨ ਤੇ ਲੰਗਰਾਂ ਦੀ ਸੇਵਾ ਲੈਣੀ ਹੋਵੇ ਉਹ ਪਰਿਵਾਰ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ।**

ਜਰੂਰੀ ਸੂਚਨਾ: ਪੰਜਾਬੀ ਸਕੂਲ ਵਿਚ 7 ਸਤੰਬਰ ਦਿਨ ਐਤਵਾਰ ਤੋਂ ਪੰਜਾਬੀ ਕਲਾਸਾਂ ਸ਼ੁਰੂ ਹੋ ਗਈਆਂ ਹਨ, ਬੇਨਤੀ ਹੈ ਕਿ ਆਪਣੇ ਬੱਚਿਆਂ ਨੂੰ ਸਕੂਲ ਵਿੱਚ ਦਾਖਲ ਕਰਵਾਉ ਤਾਂ ਜੋ ਬੱਚੇ ਪੰਜਾਬੀ ਬੋਲ,ਪੜ੍ਹ, ਲਿਖ ਸਕਣ।ਵਧੇਰੇ ਜਾਣਕਾਰੀ ਲਈ ਸਕੱਤਰ ਸ. ਬਲਵੰਤ ਸਿੰਘ ਸੰਘੇੜਾ ਨਾਲ 604-836-8976 ਤੇ ਸੰਪਰਕ ਕਰੋ।

**ਹਰ ਮੰਗਲਵਾਰ ਸਵੇਰੇ 10 ਵਜੇ ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਂਦੇ ਹਨ ਅਤੇ ਲੰਗਰਾਂ ਦੀ ਸੇਵਾ ਸਮੂਹ ਸੁਖਮਨੀ ਸਾਹਿਬ ਵਾਲੀਆਂ ਬੀਬੀਆਂ ਵੱਲੋਂ ਹੁੰਦੀ ਹੈ**

### ਰੋਜ਼ਾਨਾ ਪ੍ਰੋਗਰਾਮ:

**ਸਵੇਰੇ 5:00 ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ, ਸਵੇਰੇ 6:00 ਤੋਂ 6:45 ਨਿਤਨੇਮ, ਸਵੇਰੇ 7:00 ਤੋਂ 7:30 ਕੀਰਤਨ ਦੀਵਾਨ, ਸਵੇਰੇ 7:30 ਤੋਂ 7:45 ਕਥਾ, ਸਵੇਰੇ 7:45 ਤੋਂ 8:00 ਅਰਦਾਸ ਸਮਾਪਤੀ**

### ਸ਼ਾਮ ਦੇ ਦੀਵਾਨ:

**ਰਹਿਰਾਸ ਸਾਹਿਬ ਸ਼ਾਮ 6 ਤੋਂ 6:20 ਵਜੇ ਤੱਕ ਕੀਰਤਨ/ਅਰਦਾਸ/ਹੁਕਮਨਾਮਾ 6.20 ਤੋਂ 6.45 ਵਜੇ ਤੱਕ ਸੁਖਆਸਣ ਰਾਤ 8:00 ਵਜੇ**

| ਪ੍ਰਧਾਨ | ਖਜ਼ਾਨਚੀ | ਸਕੱਤਰ | ਸਹਾਇਕ ਸਕੱਤਰ |
|---|---|---|---|
| ਮੋਹਨ ਸਿੰਘ ਸੰਧੂ | ਕਮਲਜੀਤ ਸਿੰਘ ਦੁਸਾਂਝ | ਬਲਵੰਤ ਸਿੰਘ ਸੰਘੇੜਾ | ਕੰਵਰਜੀਤ ਸਿੰਘ ਸਹੋਤਾ |

## ਗੁਰਦੁਆਰਾ ਸਾਹਿਬ ਦਾ ਫੋਨ:604-274-7479

Email:iccc8600@gmail.com

# ਮਾਂਟਰੀਆਲ ਵਿਖ਼ੇ ਖਾਲਿਸਤਾਨ ਐਲਾਨਨਾਮੇ ਦੀ 40ਵੀ ਵਰੇਗੰਢ ਮੌਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਣ ਨਾਲ ਬੰਦੀ ਸਿੰਘਾਂ ਦੀ ਰਿਹਾਈ ਲਈ ਅਰਦਾਸ



ਨਵੀਂ ਦਿੱਲੀ-ਕੈਨੇਡਾ ਵਿਖ਼ੇ ਮੌਂਟਰੀਆਲ ਸ਼ਹਿਰ ਦੇ ਗੁਰਦੁਆਰਾ ਗੁਰੂ ਨਾਨਕ ਦਰਬਾਰ, ਲਾਸਾਲ ਵਿਖ਼ੇ ਆਜ਼ਾਦੀ ਪਸੰਦ ਸਿੱਖਾਂ ਨੇ ਖ਼ਾਲਿਸਤਾਨ ਐਲਾਨਨਾਮਾ ਦਿਹਾੜਾ 29 ਅਪ੍ਰੈਲ 1986 ਦੀ 40ਵੀ ਵਰੇਗੰਢ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਕੀਤੇ ਗਏ ਆਜ਼ਾਦ ਸਿੱਖ ਰਾਜ ਦੇ ਐਲਾਨ ਦੀ ਯਾਦ ਵਿੱਚ ਮਨਾਇਆ। ਇਸ ਮੌਕੇ ਭਾਈ ਜਸਵਿੰਦਰ ਸਿੰਘ ਮੌਂਟਰੀਆਲ ਨੇ ਦਸਿਆ ਕਿ ਇਹ ਦਿਨ 29 ਅਪ੍ਰੈਲ 1986 ਦੀ ਉਸ ਇਤਿਹਾਸਕ ਘਟਨਾ ਦੀ ਯਾਦ ਦਿਵਾਉਂਦਾ ਹੈ ਜਦੋਂ ਪੰਜ ਮੈਂਬਰੀ ਪੰਥਕ ਕਮੇਟੀ ਨੇ ਖ਼ਾਲਿਸਤਾਨ ਦਾ ਰਸਮੀ ਐਲਾਨ ਕੀਤਾ ਸੀ। ਉਨ੍ਹਾਂ ਦਸਿਆ ਇਸ ਮੌਕੇ ਚੌਪਈ ਸਾਹਿਬ ਦੇ ਪਾਠ ਉਪਰੰਤ ਸ਼ਹੀਦ ਸਿੰਘ ਸਿੰਘਣੀਆਂ ਨੂੰ ਸ਼ਰਧਾਂਜਲੀ ਭੇਂਟ ਕਰਣ ਉਪਰੰਤ ਬੰਦੀ ਸਿੰਘਾਂ ਸਿੰਘਾਂ ਦੀ ਰਿਹਾਈ ਲਈ ਅਰਦਾਸ ਕੀਤੀ ਗਈ। ਉਨ੍ਹਾਂ ਕਿਹਾ ਕੈਨੇਡਾ ਸਮੇਤ ਦੁਨੀਆ ਭਰ ਦੇ ਸਿੱਖ ਇਸ ਦਿਨ ਰਾਹੀਂ ਆਪਣੀ ਸਿਆਸੀ ਆਜ਼ਾਦੀ ਅਤੇ ਸਵੈ-ਨਿਰਣੇ ਦੀ ਇੱਛਾ ਨੂੰ ਮੁੜ ਦੁਹਰਾਉਂਦੇ ਹਨ। ਉਨ੍ਹਾਂ ਦਸਿਆ ਮੌਂਟਰੀਆਲ ਅਤੇ ਕੈਨੇਡੀਅਨ ਸ਼ਹਿਰਾਂ ਸਮੇਤ ਵੱਖ ਵੱਖ ਦੇਸ਼ਾਂ ਵਿੱਚ ਸਿੱਖ ਜਥੇਬੰਦੀਆਂ ਖਾਲਿਸਤਾਨ ਦੀ ਸਥਾਪਤੀ ਲਈ (ਜਿਵੇਂ ਕਿ ਸਿੱਖਸ ਫਾਰ ਜਸਟਿਸ ਪੰਜਾਬ ਦੀ ਆਜ਼ਾਦੀ ਲਈ ਗੈਰ-ਸਰਕਾਰੀ ਰਾਇਸ਼ੁਮਾਰੀ (ਰੈਫਰੰਡਮ) ਕਰਵਾਉਣ ਦੀ ਮੰਗ ਕਰ ਰਹੀਆਂ ਹਨ ਅਤੇ ਕਈ ਦੇਸ਼ਾਂ ਵਿਚ ਸਫਲਤਾ ਨਾਲ ਰੈਫਰੰਡਮ ਭਾਰੀ ਗਿਣਤੀ ਵਿਚ ਹੋ ਚੁਕਿਆ ਹੈ।ਉਨ੍ਹਾਂ ਭਾਰਤ ਵਿੱਚ ਘੱਟ ਗਿਣਤੀਆਂ 'ਤੇ ਹੋ ਰਹੇ ਕਥਿਤ ਜ਼ੁਲਮਾਂ ਨੂੰ ਬੰਦ ਕਰਨ ਅਤੇ ਸਿੱਖਾਂ ਦੇ ਧਾਰਮਿਕ ਤੇ ਸਿਆਸੀ ਹੱਕਾਂ ਦੀ ਗਰੰਟੀ ਦੀ ਮੰਗ ਕੀਤੀ ਹੈ। ਉਨ੍ਹਾਂ ਦਸਿਆ ਇਸ ਮੌਕੇ ਭਾਈ ਸੁਖਵਿੰਦਰ ਸਿੰਘ, ਭਾਈ ਗਰਦੀਪ ਸਿੰਘ, ਭਾਈ ਵਿਕਰਮ ਸਿੰਘ, ਭਾਈ ਹਰਵਿੰਦਰ ਸਿੰਘ, ਭਾਈ ਅੰਗਰੇਜ ਸਿੰਘ, ਭਾਈ ਸਲਿੰਦਰ ਸਿੰਘ, ਭਾਈ ਨਰਿੰਦਰ ਸਿੰਘ ਵੱਲੋ ਵਿਸ਼ੇਸ਼ ਤੌਰ ਤੇ ਹਾਜਰੀ ਭਰ ਕੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਦਿਆਂ ਖਾਲਿਸਤਾਨ ਦੀ ਅਜਾਦੀ ਤੱਕ ਸੰਘਰਸ਼ ਜਾਰੀ ਰਹੇਗਾ ਦਾ ਪ੍ਰਣ ਕੀਤਾ ਗਿਆ ਅਤੇ ਹਾਜ਼ਿਰੀ ਭਰ ਰਹੀ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥
ਆਪ ਜੀ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਹਰ ਸਾਲ ਦੀ ਤਰਾਂ ਨਗਰ ਕਲਸੀਆਂ ਜਿਲ੍ਹਾ ਲੁਧਿਆਣਾ ਦੀਆਂ ਸੰਗਤਾਂ ਵੱਲੋਂ ਇਸ ਸਾਲ ਵੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ 8 ਮਈ ਦਿਨ ਸ਼ੁੱਕਰਵਾਰ ਸਵੇਰੇ 9:30 ਵਜੇ ਅਰੰਭ ਹੋਣਗੇ, ਜਿੰਨ੍ਹਾ ਦੇ ਭੋਗ 10 ਮਈ ਦਿਨ ਐਤਵਾਰ ਸਵੇਰੇ 09:30 ਵਜੇ ਪੈਣਗੇ ਉਪਰੰਤ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ। ਆਪ ਜੀ ਨੂੰ ਬੇਨਤੀ ਹੈ ਕਿ ਆਪ ਜੀ ਨੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ।

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ
8115-132 ਸਟ੍ਰੀਟ
ਗੁਰਮੀਤ ਸਿੰਘ ਧਾਲੀਵਾਲ - 778-908-3221
ਭਗਵੰਤ ਸਿੰਘ ਧਾਲੀਵਾਲ- 604-615-7012
ਨੈਬ ਸਿੰਘ ਧਾਲੀਵਾਲ - 604-626-3209

# ਹੁਣ ਕਿਤੇ ਨਹੀਂ ਰਿਹਾ ਰਾਜ

ਨਵੀਂ ਦਿੱਲੀ: ਕੇਰਲਾ ਵਿੱਚ ਖੱਬੇ ਮੁਹਾਜ਼ ਦੀ ਹਾਰ ਤੋਂ ਬਾਅਦ ਪਹਿਲੀ ਵਾਰ ਹੋਵੇਗਾ ਕਿ 1977 ਤੋਂ ਦੇਸ਼ ਵਿੱਚ ਕਿਸੇ ਰਾਜ 'ਚ ਕਮਿਊਨਿਸਟਾਂ ਦੀ ਸਰਕਾਰ ਨਹੀਂ ਹੋਵੇਗੀ। ਇੱਕ ਵੇਲੇ ਕਮਿਊਨਿਸਟਾਂ ਨੇ ਕੇਰਲਾ, ਤ੍ਰਿਪੁਰਾ ਤੇ ਪੱਛਮੀ ਬੰਗਾਲ ਵਿੱਚ ਰਾਜ ਕੀਤਾ।

ਸੀ ਪੀ ਆਈ ਨੇ 1957 ਵਿੱਚ ਕੇਰਲਾ 'ਚ ਈ ਐੱਮ ਐੱਸ ਨੰਬੂਦਰੀਪਾਦ ਦੀ ਅਗਵਾਈ 'ਚ ਪਹਿਲੀ ਸਰਕਾਰ ਬਣਾਈ, ਭਾਵੇਂ ਕਿ ਬਹੁਮਤ ਬਹੁਤ ਥੋੜ੍ਹਾ ਸੀ। ਦਰਅਸਲ ਇਹ ਦੁਨੀਆ ਵਿੱਚ ਪਹਿਲੀ ਜਮਹੂਰੀ ਢੰਗ ਨਾਲ ਚੁਣੀ ਕਮਿਊਨਿਸਟ ਸਰਕਾਰ ਸੀ। ਇਸ ਨੇ ਵਿਆਪਕ ਖੇਤੀ ਤੇ ਜ਼ਮੀਨੀ ਸੁਧਾਰ ਕੀਤੇ। ਸਰਕਾਰ 'ਚ ਸਿਆਸੀ, ਇਲਾਕਾਈ, ਧਾਰਮਿਕ ਤੇ ਸਮਾਜੀ ਹਿੱਤਾਂ ਵਾਲੀਆਂ ਹੋਰ ਪਾਰਟੀਆਂ ਵੀ ਸਨ। ਇਨ੍ਹਾਂ ਨੇ ਸੁਧਾਰਾਂ ਦਾ ਵਿਰੋਧ ਕੀਤਾ।

ਨਤੀਜੇ ਵਜੋਂ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਇਸ ਨੂੰ ਦੋ ਸਾਲ ਬਾਅਦ ਡਿਸਮਿਸ ਕਰਨ ਦਾ ਮੌਕਾ ਮਿਲ ਗਿਆ। ਦੇਸ਼ ਵਿੱਚ ਕੇਂਦਰ ਨੇ ਪਹਿਲੀ ਵਾਰ ਧਾਰਾ 356 ਲਾਗੂ ਕਰਕੇ ਕਿਸੇ ਰਾਜ ਵਿੱਚ ਰਾਸ਼ਟਰਪਤੀ ਰਾਜ ਲਾਗੂ ਕੀਤਾ।

ਪੱਛਮੀ ਬੰਗਾਲ ਵਿੱਚ ਖੱਬੇ ਮੁਹਾਜ਼ ਨੇ ਜਿਓਤੀ ਬਾਸੂ ਤੇ ਬੁੱਧਾਦੇਵ ਭੱਟਾਚਾਰੀਆ ਦੀ ਅਗਵਾਈ ਵਿੱਚ 1977 ਤੋਂ 2011 ਤੱਕ ਰਾਜ ਕੀਤਾ। ਤ੍ਰਿਪੁਰਾ ਵਿੱਚ 1977 'ਚ ਪਹਿਲੀ ਵਾਰ ਖੱਬੇ ਮੁਹਾਜ਼ ਨੇ ਸਰਕਾਰ ਬਣਾਈ। ਮਾਣਿਕ ਸਰਕਾਰ 1998 ਤੋਂ 2018 ਤੱਕ ਮੁੱਖ ਮੰਤਰੀ ਰਹੇ। ਉਸ ਤੋਂ ਬਾਅਦ ਭਾਜਪਾ ਨੇ ਤ੍ਰਿਪੁਰਾ 'ਤੇ ਕਬਜ਼ਾ ਕਰ ਲਿਆ।

ਮਨ ਮਨੁੱਖ ਦੀ ਕੁੰਜੀ ਹੈ Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)
• Children & Ladies Problems and much more
We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases



"Homeopath R S Saini receiving International Award"
Director, West coast Homeopathic Society of Canada
Dr.R S Saini & Dr. Shveta Has The Latest Knowledge For The Cure Of These Diseases.
ਹੋਮਿਉਪੈਥ ਆਰ. ਐਸ. ਸੈਨੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ
For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236
For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

THE CARPLAZA
CAR ACCESSORIES
All Types Of Car Accessories & Installation Available
ਇਥੋਂ ਤੁਸੀਂ ਹਰੇਕ ਤਰ੍ਹਾਂ ਦੀ Car Accessory ਲੈ ਸਕਦੇ ਹੋ






*Seat Covers *Matts
*Woofers & Ambient Lights
*Android Car Player Available



Especially For Uber & Lyft Camera
778-977-0032, 778-713-6949
#5-12357-82A Ave, Surrey, BC

# ਪੱਤਰਕਾਰਾਂ ਦਾ ਹਾਲ

3 ਮਈ ਨੂੰ ਵਿਸ਼ਵ ਪ੍ਰੈੱਸ ਆਜ਼ਾਦੀ ਦਿਵਸ ਸਾਨੂੰ ਇਹ ਯਾਦ ਦਿਵਾਉਣ ਲਈ ਮਨਾਇਆ ਜਾਂਦਾ ਹੈ ਕਿ ਮੀਡੀਆ ਦੀ ਆਜ਼ਾਦੀ ਕਿਸੇ ਵੀ ਦੇਸ਼ ਅਤੇ ਸਮਾਜ ਲਈ ਕਿੰਨੀ ਮਹੱਤਵਪੂਰਨ ਹੈ। ਮੀਡੀਆ ਸਿਰਫ ਤਾਂ ਹੀ ਸੱਚੀਆਂ ਅਤੇ ਸਹੀ ਖਬਰਾਂ ਅਤੇ ਮੁੱਦੇ ਦੁਨੀਆ ਸਾਹਮਣੇ ਲਿਆ ਸਕਦਾ ਹੈ, ਜੇ ਇਸ ਨੂੰ ਸੈਂਸਰ ਨਾ ਕੀਤਾ ਜਾਵੇ ਅਤੇ ਜੇ ਇਸ ਨੂੰ ਸੱਚ ਲਈ ਖੜ੍ਹੇ ਹੋਣ ਲਈ ਨਿਸ਼ਾਨਾ ਨਾ ਬਣਾਇਆ ਜਾਵੇ। ਸਾਡੇ ਦੇਸ਼ ਦੇ ਬਹੁਤ ਸਾਰੇ ਪੱਤਰਕਾਰਾਂ ਨੂੰ ਆਪਣੇ ਪੇਸ਼ੇ ਨਾਲ ਇਨਸਾਫ ਕਰਨ ਲਈ ਆਪਣੀਆਂ ਜਾਨਾਂ ਕੁਰਬਾਨ ਕਰਨੀਆਂ ਪਈਆਂ ਹਨ। ਇਸ ਸੰਦਰਭ ਵਿੱਚ ਸੀਨੀਅਰ ਪੱਤਰਕਾਰ ਗੌਰੀ ਲੰਕੇਸ਼, ਜੋ ਸੱਜੇ-ਪੱਖੀ ਵਿਚਾਰਧਾਰਾ ਦੀ ਆਲੋਚਕ ਸੀ, ਦੀ ਸ਼ਹਾਦਤ ਨੂੰ ਕਦੇ ਨਹੀਂ ਭੁਲਾਇਆ ਜਾ ਸਕਦਾ। ਜੇ ਅਸੀਂ ਵਿਸ਼ਵ ਪੱਧਰ 'ਤੇ ਪੱਤਰਕਾਰਾਂ 'ਤੇ ਹਮਲਿਆਂ 'ਤੇ ਨਜ਼ਰ ਮਾਰੀਏ ਤਾਂ ਕਮੇਟੀ ਟੂ ਪ੍ਰੋਟੈਕਟ ਜਰਨਲਿਸਟਸ ਮੁਤਾਬਕ 2025 ਵਿੱਚ ਦੁਨੀਆ ਭਰ ਵਿੱਚ ਕੁੱਲ 129 ਮੀਡੀਆ ਕਰਮੀ ਮਾਰੇ ਗਏ। ਇਜ਼ਰਾਈਲ ਇਨ੍ਹਾਂ ਮੌਤਾਂ ਵਿੱਚੋਂ ਦੋ-ਤਿਹਾਈ ਲਈ ਜ਼ਿੰਮੇਵਾਰ ਸੀ।

ਪਿਛਲੇ ਸਾਲ ਦੀ ਇੱਕ ਘਟਨਾ ਦੀ ਪ੍ਰੇਸ਼ਾਨ ਕਰਨ ਵਾਲੀ ਵੀਡੀਓ ਫੁਟੇਜ ਸਾਡੇ ਦਿਮਾਗ ਵਿੱਚ ਅਜੇ ਵੀ ਘੁੰਮਦੀ ਹੈ, ਜਦੋਂ ਗਾਜ਼ਾ ਵਿੱਚ ਇੱਕ ਹਸਪਤਾਲ ਦੇ ਬਾਹਰ ਇੱਕ ਮੀਡੀਆ ਟੈਂਟ ਨੂੰ ਇੱਕ ਹਮਲੇ ਵਿੱਚ ਨਿਸ਼ਾਨਾ ਬਣਾਇਆ ਗਿਆ ਸੀ, ਜਿਸ ਵਿੱਚ ਪੱਤਰਕਾਰ ਹਿਲਮੀ ਅਲ-ਫਕਾਵੀ ਜ਼ਿੰਦਾ ਸੜ ਗਿਆ ਸੀ ਅਤੇ ਕਈ ਹੋਰ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ ਸਨ। ਜੇ ਅਸੀਂ ਆਪਣੇ ਦੇਸ਼ ਦੀ ਗੱਲ ਕਰੀਏ ਤਾਂ ਰਿਪੋਰਟਰਜ਼ ਵਿਦਾਊਟ ਬਾਰਡਰਜ਼ ਮੁਤਾਬਕ 2026 ਦੇ ਵਿਸ਼ਵ ਪ੍ਰੈੱਸ ਸੂਚਕ ਅੰਕ ਵਿੱਚ ਭਾਰਤ ਦਾ ਦਰਜਾ 180 ਵਿੱਚੋਂ 157ਵਾਂ ਹੈ, ਜੋ ਕਿ 2025 ਵਿੱਚ 180 ਵਿੱਚੋਂ 151ਵੇਂ ਸਥਾਨ ਤੋਂ ਘੱਟ ਹੈ। ਸਪੱਸ਼ਟ ਤੌਰ 'ਤੇ, ਭਾਰਤ ਵਿੱਚ ਪ੍ਰੈੱਸ ਦੀ ਆਜ਼ਾਦੀ ਹੋਰ ਵੀ ਚੁਣੌਤੀਪੂਰਨ ਹੁੰਦੀ ਜਾ ਰਹੀ ਹੈ। ਭਾਰਤ, ਜਿਸ ਨੂੰ ਕਦੇ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਮੰਨਿਆ ਜਾਂਦਾ ਸੀ, ਪ੍ਰਗਟਾਵੇ ਦੀ ਆਜ਼ਾਦੀ ਨੂੰ ਦਬਾਉਣ ਵਿੱਚ ਮੋਹਰੀ ਬਣਦਾ ਜਾ ਰਿਹਾ ਹੈ। ਪੱਤਰਕਾਰਾਂ ਨੂੰ ਕਤਲ, ਮਨਘੜਤ ਦੋਸ਼ਾਂ ਵਿੱਚ ਕੈਦ ਅਤੇ ਬਰਖਾਸਤਗੀ ਵਰਗੇ ਹਥਿਆਰਾਂ ਨਾਲ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪੱਤਰਕਾਰ, ਭਾਵੇਂ ਉਹ ਸੁਤੰਤਰ ਪੱਤਰਕਾਰ ਹੋਣ, ਕੋਈ ਵੀ ਮੀਡੀਆ ਹਾਊਸ ਹੋਵੇ ਜਾਂ ਯੂਟਿਊਬਰ, ਸਚਾਈ ਲਈ ਖੜ੍ਹਾ ਹੋਣ ਵਾਲਾ ਕੋਈ ਵੀ ਵਿਅਕਤੀ ਨਿਸ਼ਾਨਾ ਬਣਾਇਆ ਜਾ ਰਿਹਾ।

ਇਸ ਵੇਲੇ ਝਾਰਖੰਡ ਦੇ ਸੁਤੰਤਰ ਪੱਤਰਕਾਰ ਰੂਪੇਸ਼ ਕੁਮਾਰ ਸਿੰਘ ਅਤੇ ਕਸ਼ਮੀਰ ਦੇ ਇਰਫਾਨ ਮੇਰਾਜ ਦੋਵੇਂ ਹੀ ਗੈਰਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ (ਯੂ ਏ ਪੀ ਏ) ਦੇ ਤਹਿਤ ਜੇਲ੍ਹਬੰਦ ਹਨ, ਜੋ ਕਿ ਇੱਕ ਲੋਕਤੰਤਰੀ ਰਾਸ਼ਟਰ ਲਈ ਇੱਕ ਮਹੱਤਵਪੂਰਨ ਸਵਾਲੀਆ ਨਿਸ਼ਾਨ ਖੜ੍ਹਾ ਕਰਦਾ ਹੈ। ਇਰਫਾਨ ਮੇਰਾਜ 20 ਮਾਰਚ, 2023 ਤੋਂ ਜੇਲ੍ਹ ਵਿੱਚ ਹੈ, ਜਦੋਂ ਕਿ ਰੂਪੇਸ਼ ਕੁਮਾਰ ਸਿੰਘ ਨੂੰ 17 ਜੁਲਾਈ, 2022 ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਉਸ ਦੀ ਗ੍ਰਿਫਤਾਰੀ ਤੋਂ ਬਾਅਦ, ਉਸ ਵਿਰੁੱਧ ਤਿੰਨ ਹੋਰ ਮਾਮਲੇ ਦਰਜ ਕੀਤੇ ਗਏ। ਰੂਪੇਸ਼ ਕੁਮਾਰ ਸਿੰਘ ਆਪਣੀ ਬੇਮਿਸਾਲ ਅਤੇ ਦਲੇਰ ਪੱਤਰਕਾਰੀ ਲਈ ਜਾਣਿਆ ਜਾਂਦਾ ਹੈ। ਉਸ ਨੇ ਨਕਸਲਵਾਦੀਆਂ ਦੇ ਖਾਤਮੇ ਦੇ ਨਾਂਅ 'ਤੇ ਆਦਿਵਾਸੀ ਲੋਕਾਂ ਨਾਲ ਹੋ ਰਹੇ ਅਨਿਆਂ ਨੂੰ ਬੇਝਿਜਕ ਉਜਾਗਰ ਕੀਤਾ, ਆਪਣੀਆਂ ਲਿਖਤਾਂ ਰਾਹੀਂ ਸਟੇਟ ਵੱਲੋਂ ਕੀਤੇ ਜਾ ਰਹੇ ਅਣਮਨੁੱਖੀ ਸਲੂਕ ਦਾ ਪਰਦਾਫਾਸ਼ ਕੀਤਾ, ਜਿਸ ਕਾਰਨ ਉਸ ਵਿਰੁੱਧ ਇੱਕ ਨਹੀਂ, ਸਗੋਂ ਕਈ ਮਾਮਲੇ ਦਰਜ ਕੀਤੇ ਗਏ ਹਨ, ਜਿਨ੍ਹਾਂ ਨਾਲ ਉਸ ਨੂੰ ਅਤੇ ਉਸ ਦੀ ਆਵਾਜ਼ ਨੂੰ ਲੰਬੇ ਸਮੇਂ ਤੋਂ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਰੂਪੇਸ਼ ਦੀ ਦੂਜੀ ਜੇਲ੍ਹ ਦੀ ਸਜ਼ਾ, ਜੋ ਕਿ 17 ਜੁਲਾਈ, 2022 ਨੂੰ ਸ਼ੁਰੂ ਹੋਈ ਸੀ, 3 ਸਾਲ, 9 ਮਹੀਨੇ ਅਤੇ 17 ਦਿਨ ਰਹੀ ਹੈ। ਇਸ ਸਮੇਂ ਦੌਰਾਨ ਉਸ ਨੂੰ ਪੰਜ ਵਾਰ ਝਾਰਖੰਡ ਅਤੇ ਬਿਹਾਰ ਦੀਆਂ ਚਾਰ ਜੇਲ੍ਹਾਂ ਵਿੱਚ ਤਬਦੀਲ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਝਾਰਖੰਡ ਦੀਆਂ ਦੋ ਅਤੇ ਬਿਹਾਰ ਦੀਆਂ ਦੋ ਜੇਲ੍ਹਾਂ ਸ਼ਾਮਲ ਹਨ।

ਇੱਕ ਕਤਲ ਦੇ ਦੋਸ਼ੀ ਨੂੰ ਜਨਰਲ ਵਾਰਡ ਵਿੱਚ ਰੱਖਿਆ ਜਾ ਸਕਦਾ ਹੈ, ਪਰ ਰੂਪੇਸ਼ ਵਰਗੇ ਬੁੱਧੀਜੀਵੀ ਨੂੰ ਵਧੇਰੇ ਸੰਵੇਦਨਸ਼ੀਲ ਮੰਨਦੇ ਹੋਏ ਉੱਚ-ਸੁਰੱਖਿਆ ਸੈੱਲ ਵਿੱਚ ਰੱਖਿਆ ਜਾ ਰਿਹਾ ਹੈ। ਰੂਪੇਸ਼ ਇਸ ਸਮੇਂ ਭਾਗਲਪੁਰ ਦੀ ਸ਼ਹੀਦ ਜੁੱਬਾ ਸਾਹਨੀ ਕੇਂਦਰੀ ਜੇਲ੍ਹ ਵਿੱਚ ਹੈ, ਜਿਸ ਨੂੰ 9 ਅਪ੍ਰੈਲ, 2026 ਨੂੰ ਪਟਨਾ ਦੀ ਆਦਰਸ਼ ਕੇਂਦਰੀ ਜੇਲ੍ਹ, ਬੇਉੜ ਤੋਂ ਪ੍ਰਸ਼ਾਸਕੀ ਤਬਾਦਲੇ 'ਤੇ ਤਬਦੀਲ ਕੀਤਾ ਗਿਆ ਸੀ। ਉਸ ਨੂੰ ਪਟਨਾ ਅਤੇ ਇੱਥੇ ਦੋਵਾਂ ਥਾਵਾਂ 'ਤੇ ਇੱਕ ਸੈੱਲ ਵਿੱਚ ਬੰਦ ਰੱਖਿਆ ਗਿਆ ਹੈ, ਜਿੱਥੇ ਉਸ ਨੂੰ ਜੇਲ੍ਹ ਮੈਨੂਅਲ ਦੇ ਅਨੁਸਾਰ ਨਾ ਤਾਂ ਯੋਗ ਖਾਣਾ-ਪੀਣਾ ਦਿੱਤਾ ਜਾਂਦਾ ਹੈ ਅਤੇ ਨਾ ਹੀ ਉਸ ਨੂੰ ਸਿਹਤ ਸੰਭਾਲ ਜਾਂ ਇਲਾਜ ਮੁਹੱਈਆ ਕਰਵਾਇਆ ਜਾਂਦਾ ਹੈ। ਉਸ ਦੀ ਜੇਲ੍ਹ ਦੀ ਸਥਿਤੀ ਨੂੰ ਇੱਕ ਸਧਾਰਨ ਉਦਾਹਰਣ ਨਾਲ ਸਮਝ ਸਕਦੇ ਹੋ : ਗਰਮੀਆਂ ਸ਼ੁਰੂ ਹੋ ਗਈਆਂ ਹਨ ਅਤੇ ਹੁਣ ਇੱਥੇ ਇੱਕੋ-ਇੱਕ ਸਬਜ਼ੀ ਉਪਲੱਬਧ ਹੈ ਕਟਹਲ। ਇਹ ਉਸ ਨੂੰ ਹਫਤੇ ਵਿੱਚ ਚਾਰ ਤੋਂ ਪੰਜ ਦਿਨ ਦਿੱਤੀ ਜਾਂਦੀ ਹੈ ਅਤੇ ਇਹ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਜੇਲ੍ਹ ਦੇ ਕਟਹਲ ਦੇ ਦਰੱਖਤਾਂ ਵਿੱਚੋਂ ਕਟਹਲ ਖਤਮ ਨਹੀਂ ਹੋ ਜਾਂਦਾ। ਉਸ ਤੋਂ ਬਾਅਦ, ਰੋਜ਼ਾਨਾ ਸਬਜ਼ੀਆਂ ਦੇ ਮੀਨੂ ਲਈ ਮੂਲੀ ਅਗਲੀ ਕਤਾਰ ਵਿੱਚ ਹੋਵੇਗੀ, ਕਿਉਂਕਿ ਉਦੋਂ ਤੱਕ, ਮੂਲੀ ਦਾ ਮੌਸਮ ਆ ਚੁੱਕਾ ਹੋਵੇਗਾ ਅਤੇ ਜੇਲ੍ਹ ਦੇ ਖੇਤ ਭਰਪੂਰ ਹੋਣਗੇ। ਇਸ ਦਾ ਮਤਲਬ ਹੈ ਜੇਲ੍ਹ ਦੇ ਅੰਦਰ ਵੀ ਕਈ ਤਰ੍ਹਾਂ ਦੇ ਤਸ਼ੱਦਦ। ਜਦੋਂ ਰੂਪੇਸ਼ ਨੂੰ ਪਹਿਲੀ ਵਾਰ 2024 ਵਿੱਚ ਇਸੇ ਜੇਲ੍ਹ ਵਿੱਚ ਤਬਦੀਲ ਕੀਤਾ ਗਿਆ ਸੀ, ਤਾਂ ਹਾਲਾਤ ਹੋਰ ਵੀ ਬਦਤਰ ਸਨ। ਰੂਪੇਸ਼ ਅਤੇ ਉਸ ਵਰਗੇ ਹੋਰ ਕੈਦੀਆਂ ਦੇ ਸੰਘਰਸ਼ਾਂ ਨੇ ਕੁਝ ਸੁਧਾਰ ਲਿਆਂਦਾ ਸੀ। ਹਾਲਾਂਕਿ ਇਸ ਵਾਰ ਰੂਪੇਸ਼ ਕਹਿੰਦਾ ਹੈ, ਉਹੀ ਸਥਿਤੀ ਦੁਬਾਰਾ ਪੈਦਾ ਹੋਈ ਹੈ। ਰੂਪੇਸ਼ ਵਰਗੇ ਪੱਤਰਕਾਰਾਂ ਦੀਆਂ ਕਹਾਣੀਆਂ ਦੱਸਦੀਆਂ ਹਨ ਕਿ ਭਾਰਤ ਵਿੱਚ ਸੱਚੀ ਪੱਤਰਕਾਰੀ ਕਰਨੀ ਕਿੰਨੀ ਮੁਸ਼ਕਲ ਹੋ ਚੁੱਕੀ ਹੈ।

# ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਗ੍ਰਹਿ ਮੰਤਰੀ ਨੂੰ ਪੱਤਰ



ਅੰਮ੍ਰਿਤਸਰ:- ਸਾਬਕਾ ਜਥੇਦਾਰ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਹੈਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਇੱਕ ਪੱਤਰ ਭੇਜ ਕੇ ਜੂਨ 1984 ਸਾਕਾ ਨੀਲਾ ਤਾਰਾ ਫੌਜੀ ਹਮਲੇ ਸਮੇਂ ਹਰਿਮੰਦਰ ਸਾਹਿਬ ਸਥਿਤ ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚੋਂ ਗੁੰਮ ਹੋਏ ਜਾਂ ਜ਼ਬਤ ਕੀਤੇ ਗਏ ਅਮੁੱਲ ਸਰੂਪ ਤੇ ਦਸਤਾਵੇਜ਼ਾਂ ਬਾਰੇ ਸਰਕਾਰ ਨੂੰ ਸਪਸ਼ਟੀਕਰਨ ਜਾਰੀ ਕਰਨ ਦੀ ਮੰਗ ਕੀਤੀ ਹੈ।

ਉਨ੍ਹਾਂ ਇਸ ਸਬੰਧ ਵਿੱਚ ਕੇਂਦਰੀ ਗ੍ਰਹਿ ਮੰਤਰੀ ਨੂੰ ਇੱਕ ਪੱਤਰ ਭੇਜਿਆ ਹੈ। ਪੱਤਰ ਵਿੱਚ ਅਪੀਲ ਕੀਤੀ ਹੈ ਕਿ ਇਹ ਮਾਮਲਾ ਸਿੱਖ ਭਾਵਨਾਵਾਂ ਨਾਲ ਜੁੜਿਆ ਹੋਇਆ ਇੱਕ ਸੰਵੇਦਨਸ਼ੀਲ ਮਾਮਲਾ ਹੈ। ਉਨ੍ਹਾਂ ਆਖਿਆ ਕਿ ਜੂਨ 1984 ਸਾਕਾ ਨੀਲਾ ਤਾਰਾ ਫੌਜੀ ਹਮਲੇ ਸਮੇਂ ਹਰਿਮੰਦਰ ਸਾਹਿਬ ਸਥਿਤ ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ, ਦੁਰਲਭ ਹੁਕਮਨਾਮੇ, ਖਰੜੇ, ਹੱਥ ਲਿਖਤਾਂ ਅਤੇ ਇਤਿਹਾਸਿਕ ਦਸਤਾਵੇਜ਼ ਗੁੰਮ ਹੋ ਗਏ ਸਨ ਜਾਂ ਜ਼ਬਤ ਕਰ ਲਏ ਗਏ ਸਨ। ਇਸ ਸਬੰਧ ਵਿੱਚ ਵੱਖ-ਵੱਖ ਧਿਰਾਂ ਦੇ ਵੱਖ ਵੱਖ ਦਾਅਵੇ ਹਨ। ਇੱਕ ਧਿਰ ਦਾ ਦਾਅਵਾ ਹੈ ਕਿ ਪਾਵਨ ਸਰੂਪ, ਹੱਥ ਲਿਖਤ ਖਰੜੇ, ਹੁਕਮਨਾਮੇ ਤੇ ਹੋਰ ਅਹਿਮ ਦਸਤਾਵੇਜ਼ ਭਾਰਤ ਸਰਕਾਰ ਜਾਂ ਫੌਜ ਵੱਲੋਂ ਵਾਪਸ ਹੀ ਨਹੀਂ ਕੀਤੇ ਗਏ ਸਨ। ਦੂਜੀ ਧਿਰ ਦਾ ਦਾਅਵਾ ਹੈ ਕਿ ਇਹ ਸਾਰੀ ਸਮੱਗਰੀ ਸਰਕਾਰ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਸੌਂਪ ਦਿੱਤੀ ਗਈ ਸੀ। ਕੁਝ ਵਿਦਵਾਨ ਇਹ ਵੀ ਦੋਸ਼ ਲਾ ਰਹੇ ਹਨ ਕਿ ਕੁਝ ਪਾਵਨ ਸਰੂਪ ਅਤੇ ਅਹਿਮ ਦਸਤਾਵੇਜ ਵਿਦੇਸ਼ਾਂ ਵਿੱਚ ਕਰੋੜਾਂ ਰੁਪਏ ਵਿੱਚ ਵੇਚ ਦਿੱਤੇ ਗਏ ਹਨ। ਇਸ ਤਰ੍ਹਾਂ ਦੀ ਅਸਪਸ਼ਟਤਾ ਕਈ ਦਹਾਕਿਆਂ ਤੋਂ ਬਣੀ ਹੋਈ ਹੈ। ਇਸ ਨਾਲ ਸਿੱਖ ਸੰਗਤ ਦੇ ਮਨਾ ਵਿੱਚ ਦੁਬਿਧਾ ਵਾਲੀ ਸਥਿਤੀ ਬਣੀ ਹੋਈ ਹੈ।


Injured in an accident?
ICBC claim?

We can help.

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੈਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀਂ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999



Mandeep Randhawa,
*B.Sc., L.L.B (UBC)*

RM TRIAL LAWYERS

MANDEEP RANDHAWA LAW CORPORATION

T 604 449 7500

#200 – 6245 136th Street, Surrey, BC, V3X 1H3

• F 604 449 7501 • TF 1 888 449 7573 • www.rmlawyers.ca

# ਚਰਚਾ ਕੁਚਰਚਾ

95 ਕੁ ਦਾ ਗੇੜ ਸੀ ਕਿ ਪਤਨੀ ਮੇਰੀ ਦੇ ਭੂਆ ਦੇ ਮੁੰਡੇ ਮੈਨੂੰ ਹਾਸ਼ਮ ਸ਼ਾਹ ਦਾ ਮੇਲਾ ਦੇਖਣ ਲੈ ਗਏ। ਸਸੀ ਦਾ ਹਾਸ਼ਮ ਜਿਵੇਂ ਹੀਰ ਦਾ ਵਾਰੇਸ਼ਾਹ।

ਓਨਾ ਸਮਿਆਂ ਵਿਚ ਖਾੜਕੂ ਲਹਿਰ ਕਰੀਬਨ ਹੀ ਖਤਮ ਹੋ ਚੁਕੀ ਸੀ ਅਤੇ ਜੱਸੋਵਾਲ ਦੀ ਕਮਾਂਡ ਹੇਠ ਸਭਿਆਚਾਰ ਮੇਲਿਆਂ ਦੇ ਨਾਂ ਤੇ ਲੱਚਰਤਾ ਵਾਲੀ ਜਹਿਰੀਲੀ ਫਸਲ ਬੀਜੀ ਜਾ ਰਹੀ ਸੀ ਜਿਹੜੀ ਅਗੇ ਜਾ ਕੇ ਬੇਸ਼ਰਮੀ ਦੀਆਂ ਸਾਰੀਆਂ ਹੱਦਾਂ ਪਾਰ ਕਰਨ ਤੋਂ ਇਲਾਵਾ ਨਿਆਣਿਆਂ ਤੁਹਾਡੀਆਂ ਨੂੰ ਗੈਂਗਵਾਰ ਵੰਨੀ ਤੋਰਨ ਦਾ ਕਾਰਣ ਵੀ ਬਣੀ ਅਤੇ ਨਸ਼ਿਆਂ ਵਿਚ ਡੋਬਣ ਲਈ ਸਹਾਇਕ ਹੋਈ।

ਮੇਲੇ ਉਪਰ ਗੁਰਮੀਤ ਬਾਵਾ ਨੇ ਜਦ ਲੰਮੀ ਹੇਕ ਨਾਲ ਮਿਰਜਾ ਚੁਕਿਆ ਤਾਂ ਪਿਛੇ ਖੜੇ ਸ਼ਰਾਬੀ ਹੋਏ ਮਿਰਜੇ ਮੂਹਰੇ ਬੈਠੀਆਂ ਔਰਤਾਂ ਵੰਨੀ ਉਲਰ ਪਏ ਪਰ ਪੁਲਿਸ ਨੇ ਜਦ ਡਾਂਗ ਵਰਾਈ ਤਾਂ ਵਿਚੇ ਮਿਰਜਾ ਤੇ ਵਿਚੇ ਮਿਰਜੇ ਦੀ ਬੱਕੀ ਦੀ ਬਸ ਧੂੜ ਹੀ ਉਡਦੀ ਦਿਸਦੀ ਸੀ। ਅਸੀਂ ਬਹੁਤ ਦੂਰ ਹਟਵੇਂ ਖੜੇ ਕਰਕੇ ਬਚ ਗਏ ਨਹੀ ਤਾਂ ਮਿਰਜੇ ਬਕੀਆਂ ਸਾਨੂੰ ਵੀ ਮਿਧ ਚਲੇ ਸਨ।

ਹੂਟਿੰਗ ਕਰ ਕਰ ਸੀਟੀਆਂ ਮਾਰ ਕੇ ਫੂਕ ਦੇਣ ਵਾਲੇ ਮਿਰਜੇ ਇਵੇਂ ਕੁ ਦੇ ਹੁੰਦੇ ਜੀਹਨਾ ਦੀ ਹਵਾ 'ਚ ਆਇਆ ਪਹਿਲਾਂ ਮਾਨ ਅਪਣੀ ਬੱਤੀ ਗੁਲ ਕਰਾ ਬੈਠਾ ਹੁਣ ਵਾਰੀ 'ਲਕ ਟਵੰਟੀ' ਦੀ ਜਾਪਦੀ।

ਪਰ ਚਲੋ ਛਡੋ ਇਸ ਉਪਰ ਬਥੇਰੀ ਬਹਿਸ ਹੋ ਚੁਕੀ ਹੋਈ।

ਅਗਲੀ ਗਲ ਕਿ ਖਾਲਿਸਤਾਨੀਆਂ ਜਾਂ ਪੰਨੂੰ ਪਾਰਟੀ ਨੂੰ ਪਾਸੇ ਵੀ ਕਰ ਦਿਓ ਅਤੇ ਬਹੁਤਿਆਂ ਨੂੰ ਛਿੱਤਰ ਵਜਿਆਂ ਦੀ ਵੀ ਪ੍ਰਵਾਹ ਨਹੀ ਜਿਹੜੇ ਖੂਨ ਦੇ ਛਟੇ ਕਹਿਣ ਵਾਲਿਆਂ ਮਰਵਾਏ ਤਾਂ ਇਨੀ ਗੱਲ ਉਪਰ ਹੀ ਫੋਕਸ ਕਰ ਲਓ ਅਤੇ ਗੈਰਤ ਨੂੰ ਹੀ ਮਾੜਾ ਮੋਟਾ ਵਟ ਦਿੰਦਾ ਕਰ ਲਓ ਕਿ ਤੁਹਾਡੀਆਂ ਧੀਆਂ ਦੇ ਲੱਕ ਮਿਣ ਚੁੱਕੇ ਨੇ ਅਤੇ ਘਗਰਿਆਂ ਤੇ ਸ਼ਰਾਬਾਂ ਡੋਹਲ ਚੁਕੇ ਹੋਏ ਇਹ ਲੰਡਰ ਲੋਕ। ਤੁਹਾਨੂੰ ਕੁੱਖਾਂ ਵਿਚ ਰਖ ਕੇ ਅਪਣਾ ਢਿਡ ਪਾੜਨ ਵਾਲੀ ਔਰਤ ਨੂੰ ਸੜਕਾਂ ਉਪਰ ਤੁਰ ਜਾਂਦੀ ਅਗ ਦਿਸਦੀ ਇਨਾ ਨੂੰ ਜੀਹਨਾ ਨੂੰ ਤੁਸੀਂ ਹੀਰੋ ਬਣਾ ਰਖਿਆ।

ਪਸ਼ੂ ਚਰਦਾ ਖਾਂਦਾ ਢਿਡ ਭਰਦਾ ਨਿਆਣੇ ਜੰਮਦਾ ਪਾਲਦਾ ਅਤੇ ਮਰ ਜਾਂਦਾ। ਪਰ ਮਨੁਖ ਵਿਚ ਅਲਹਿਦਾ ਕੀ ਹੈ।

ਓਹ ਹੈ ਉਸ ਦਾ ਸਵੈਮਾਣ।

ਅਸੀਂ ਛੋਟੇ ਹੁੰਦਾ ਸਾਂ ਜੱਟਾਂ ਦੇ ਮੁੰਡੇ ਮਜਬੀਆਂ ਦੀ ਕੁੜੀ ਛੇੜ ਦਿਤੀ। ਸਾਰੀ ਠਠੀ ਡਾਂਗਾ ਸੋਟੇ ਲੈ ਕੇ ਆਣ ਇਕੱਠੀ ਹੋਈ। ਸਾਡੇ ਗੁਆਂਢ ਮਸੂ ਆਲਿਆਂ ਦੀ ਚੰਗੀ ਤਗੜੀ ਢਾਣੀ ਸੀ ਜਟਾਂ ਦੀ ਅਤੇ ਥੋੜਾ ਹੋਰ ਪਰੇ ਮੰਡੀ ਵਾਲਿਆਂ ਦੀ ਜੀਹਨਾ ਦਾ ਸੁੱਖਾ ਸੋਹਲ ਮੰਨਿਆਂ ਹੋਇਆ ਬਦਮਾਸ਼ ਸੀ ਪਰ ਕੋਈ ਉਸ ਜੱਟ ਦੀ ਮਦਦੇ ਨਹੀ ਆਇਆ।

ਪਤਾ ਕਿਓਂ? ਓਹ ਆਂਹਦੇ ਜੋ ਮਰਜੀ ਧੀ ਭੈਣ ਦਾ ਮਸਲਾ ਅਸੀਂ ਇਨਾ ਦੀ ਮਦਦ ਨਹੀ ਕਰ ਸਕਦੇ ਜਦ ਕਿ ਓਨਾ ਦੇ ਇਕ ਦਬਕੇ ਸਾਰੇ ਦੋੜ ਜਾਣੇ ਸਨ।

ਪਰ ਇਹ ਬੇਗੈਰਤ ਕਹੀ ਜਾਂਦੇ ਹੋਇਆ ਕੀ ਜੇ ਨਚਦੀ ਦੀ ਬਾਂਹ ਫੜ ਲਈ?

ਸਵੈਮਾਣ ਦਾ ਨਾਮ ਮਰਦ ਹੈ ਮਨੁੱਖ ਹੈ ਪਰ ਤੁਸੀ ਆਹਾ ਲੰਡਰਾਂ ਕੋਲੋਂ ਧੀਆਂ ਦੇ ਲਕ ਮਿਣਵਾਈਂ ਜਾਂਨੇ?

ਜਮਾਨਾ ਬਦਲ ਗਿਆ ਆਖ ਕੇ ਗੈਰਤ ਮਾਰ ਲੈਣੀ ਪੰਜਾਬ ਦੇ ਹਿੱਸੇ ਤਾਂ ਨਾ ਸੀ ਆਇਆ ਪਰ ਜੀਹਨਾ ਦੇ ਆਇਆ 'ਮਹਾਨ ' ਹੀ ਕਹੇ ਜਾ ਸਕਦੇ।

**ਗੁਰਦੇਵ ਸਿੰਘ ਸੱਧੇਵਾਲੀਆ**



## Home Improvement


ਪੰਜਾਬ ਗਾਰਡੀਅਨ ਨਾਲ ਐਡ ਪਾਓ ਅਤੇ ਆਪਣਾ ਬਿਜ਼ਨਸ ਵਧਾਓ

ਪੰਜਾਬ ਗਾਰਡੀਅਨ

Call to Advertise
604-590-5200

TOOR LANDSCAPING & FENCE
RESIDENTIAL & COMMERCIAL
• ਅਸੀਂ ਨਵੇਂ ਅਤੇ ਪੁਰਾਣੇਂ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
• 2X3 ਦਾ ਫਰੇਮ ਸੋਲਿਡ $210 ਦਾ ਪੈਨਲ
• ਪੁਰਾਣੀ ਚੁੱਕ ਕੇ ਲੈ ਜਾਂਦੇ ਹਾਂ।
• ਕੰਮ ਦੀ ਪੂਰੀ ਪੂਰੀ ਗਰੰਟੀ ਹੈ।
• ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।



ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ
ਅਸੀਂ ਲੋਹੇ ਅਤੇ ਵਾਈਨਲ ਦੀ ਫੈਂਸ ਵੀ ਲਾਉਂਦੇ ਹਾਂ
ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ
ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।
604-729-3225
ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

SINGH RAJ
RENOVATION CO.



We noticed your house needs minor repair
Unsure ofyourhousehold fixtures?
Just to replace or repair? Get it Done Today!
We guaranteed Singh Raj Renovation is the smartest choice for household small jobs
*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
SPECIALISTS IN
Maintain+Repair & New Installation
Reasonable Rates
20Yrs Exprienced
*Minor Electrical Trouble Shooting & Replacement of Lights,
Washroom fans, Range hoods
*Touble Shooting in Plumbing *Replacement of Tiles, Taps, Faucets.
Call Raj: 778-229-9261

STORM
ELECTRIC LTD.
Residential & Commercial
Licenced & Bonded
*All Kinds Of Electrical Service
*Best Rate
*Friendly Service
*Quality Workmanship




Mandeep Dhaliwal
(Certified Electrician)
778-994-7207
Email:stormelectricltd@gmail.com

ਪੁਰਾਣੇ ਘਰਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲੰਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ



Contact for Kitchen Cabinet & Counter Tops in Homes
ਘਰ ਜਾਂ ਬੇਸਮੈਂਟ ਰਿਪੇਅਰ ਕਰਵਾਉਣ ਲਈ ਸੰਪਰਕ ਕਰੋ
236-234-4081

ਸੰਦਲ ਰੈਨੋਵੇਸ਼ਨ
Your's Complete Home Renovation
* ਫਰੇਮਿੰਗ
* ਡਰਾਈਵਾਲ
* ਪੇਂਟਿੰਗ
* ਟਾਈਲਜ਼
* ਲੈਮੀਨੇਟ
* ਇਲੈਕਟ੍ਰੀਕਲ
* ਪਲੰਬਿੰਗ
* ਕਾਰਪੇਟ
* ਰੂਫਿੰਗ ਦਾ ਕੰਮ
* ਸਨਡੈੱਕ ਦੀ ਰਿਪੇਅਰ
ਮੁਫਤ ਐਸਟੀਮੇਟ ਲਈ ਸੰਪਰਕ ਕਰੋ
ਭਿੰਦਰ : 604-725-6270

GARCHA Plumbing Heating & Repair Ltd.




ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber



ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ
Amarjit Singh Garcha
604-306-3276
Big Or Small, We Do It All

BT LINE PAINTING CO.
ਟੋਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ
SPECIALIZING IN:
Spray & Roller Panting * Interior & Exterior * Pressure Washing*
ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।
ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੁਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ
ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ
For FREE estimates call Mr. Kulwant Singh Boyal
Cell: 604-340-7497 Res: 604-543-8064

# ਗੁਰਬਾਣੀ ਮੁਤਾਬਕ ਬੈਕੁੰਠ ਕਿੱਥੇ ਹੈ?

ਇਸ ਤੋਂ ਪਹਿਲੇ ਲੇਖ 'ਦਰਗਾਹ' 'ਚ ਗੁਰਬਾਣੀ ਦੇ ਫੁਰਮਾਣਾਂ ਮੁਤਾਬਕ ਆਪਾਂ ਇਸ ਸਿੱਟੇ ਤੇ ਪਹੁੰਚੇ ਸੀ ਕਿ ਪ੍ਰਮਾਤਮਾ ਜਰੇ ਜਰੇ ਵਿੱਚ ਹੈ,ਪ੍ਰਮਾਤਮਾ ਕਿਧਰੇ ਸੱਤਵੇਂ ਅਕਾਸ ਵਿੱਚ ਨਹੀਂ ਵੱਸਦਾ, ਜਦੋਂ ਪ੍ਰਮਾਤਮਾ ਲੋਕਾਂ ਦੇ ਦਿਲਾਂ 'ਚ ਵੱਸਦਾ ਹੈ ਫਰੀਦਾ ਖਾਲਕੁ ਖਲਕ ਮਹਿ, ਖਲਕ ਵਸੈ ਰਬ ਮਾਹਿ ॥

ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥75॥ ਪੰਨਾ 1381, ਮ:5 ॥

ਤਾਂ ਪ੍ਰਮਾਤਮਾ ਦੀ ਦਰਗਹ ਵੀ ਇਸੇ ਸਰੀਰ ਵਿੱਚ ਹੈ। ਜੇ ਦਰਗਹ ਇਸੇ ਸਰੀਰ ਵਿੱਚ ਹੈ ਤਾਂ ਬੈਕੁੰਠ/ਸਵਰਗ/ਨਰਕ ਵੀ ਇਸੇ ਸਰੀਰ ਵਿੱਚ ਹੈ।ਅਸੀਂ ਆਪਣੀ ਆਪਣੀ ਮੱਤ ਮੁਤਾਬਕ ਕਿਸੇ ਸਿੱਟੇ ਤੇ ਪਹੁੰਚਣ ਦੀ ਕੋਸ਼ਿਸ ਨਹੀਂ ਕਰਨੀ ਸਗੋਂ ਹਰ ਮੋੜ ਤੇ ਅਗਵਾਈ ਗੁਰੂ ਸ਼ਬਦ ਕੋਲੋਂ ਹੀ ਲੈਣੀ ਹੈ। ਅਗਲੇ ਸਲੋਕ ਵਿੱਚ ਗੁਰੂ ਜੀ 100% ਪ੍ਰਮਾਤਮਾ ਪ੍ਰਤੀ ਸਮਰਪਿਤ ਹੋਣਾ ਜ਼ਾਹਰ ਕਰਦੇ ਹਨ ਤੇ ਉਨ੍ਹਾਂ ਦੀ ਇੱਛਾ ਵੀ ਏਹੀ ਹੈ ਕਿ ਜੋ ਕੁੱਝ ਵੀ ਪ੍ਰਾਪਤ ਹੋ ਰਿਹਾ ਹੈ, ਹੇ ਪ੍ਰਮਾਤਮਾ! ਜਿਵੇਂ ਵੀ ਤੂੰ ਰੱਖ ਰਿਹਾ ਹੈਂ ਉਸ ਮੁਤਾਬਕ ਮੈਂ ਬੈਕੁੰਠ ਵਿੱਚ ਹਾਂ ਬਹਿਸਤ ਵਿੱਚ ਹਾਂ।

'ਪ੍ਰਭ ਤੁਮ ਤੇ ਲਹਣਾ ਤੂੰ ਮੇਰਾ ਗਹਣਾ ॥
ਜੋ ਤੂੰ ਦੇਹਿ ਸੋਈ ਸੁਖੁ ਸਹਣਾ ॥
ਜਿਥੈ ਰਖਹਿ ਬੈਕੁੰਠੁ ਤਿਥਾਈ ਤੂੰ ਸਭਨਾ ਕੇ ਪ੍ਰਤਿਪਾਲਾ ਜੀਉ ॥3॥ ਪੰਨਾ 106, ਮ:5 ॥

ਅਗਲੇ ਸਲੋਕ ਦੀਆਂ ਰਹਾਉ ਵਾਲੀਆਂ ਪੰਗਤੀਆਂ ਵੀ ਉਪਰਲੇ ਵਿਚਾਰ ਦੀ ਪੁਸ਼ਟੀ ਕਰਦੀਆਂ ਹਨ। ਇਸ ਤੋਂ ਅਗਲਾ ਵਿਚਾਰ ਇਹ ਹੈ ਕਿ ਜਿੱਥੇ ਸੱਚ ਦਾ ਵਾਸਾ ਹੈ ਉਥੇ ਹੀ ਬੈਕੁੰਠ ਹੈ। ਹੇ ਪ੍ਰਮਾਤਮਾ! ਕਿਸੇ ਮਨੁੱਖ ਦੇ ਮਨ ਵਿੱਚ ਇਸ ਤਰ੍ਹਾਂ ਦੇ ਵਿਚਾਰਾਂ ਬਾਰੇ ਇੱਛਾ ਵੀ ਤੇਰੀ ਮਿਹਰ ਸਦਕਾ ਹੀ ਪੈਦਾ ਹੁੰਦੀ ਹੈ।

ਮੇਰੇ ਰਾਮਰਾਇ ਜਿਉ ਰਾਖਹਿ ਤਿਉ ਰਹੀਐ ॥
ਤੁਧੁ ਭਾਵੈ ਤਾ ਨਾਮੁ ਜਪਾਵਹਿ ਸੁਖੁ ਤੇਰਾ ਦਿਤਾ ਲਹੀਐ ॥1॥ ਰਹਾਉ ॥
ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ ਜਿਸੁ ਤੂੰ ਆਪਿ ਕਰਾਇਹਿ ॥ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ ॥2॥ ਪੰਨਾ 749, ਮ:5 ॥

ਅੱਜ ਤਕ ਕੋਈ ਐਸਾ ਨਹੀਂ ਹੋਇਆ ਜੋ ਕਿਸੇ ਅਖੌਤੀ ਸਵਰਗ/ਨਰਕ ਵਿੱਚ ਗੇੜਾ ਕੱਢ ਕੇ ਵਾਪਸ ਆਇਆ ਹੋਵੇ ਤੇ ਫਿਰ ਦੱਸੇ ਕਿ ਉੱਥੇ ਕੀ ਹੈ? ਕਿਵੇਂ ਕਿਸੇ ਨੂੰ ਸਜਾ ਦਿੱਤੀ ਜਾਂਦੀ ਹੈ? ਕਿਵੇਂ ਕਿਸੇ ਨੂੰ ਨਰਕ ਤੇ ਸਵਰਗ/ਬੈਕੂੰਠ ਵਿੱਚ ਭੇਜਿਆ ਜਾਂਦਾ ਹੈ? ਆਦਿ।

ਕਬੀਰ ਸਾਹਿਬ ਦਾ ਅਗਲਾ ਸਲੋਕ ਵੀ ਇਸੇ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਲੋਕ ਐਵੇਂ ਹੀ ਕਹੀ ਜਾਂਦੇ ਹਨ ਕਿ ਬੈਕੁੰਠ/ਸਵਰਗ ਉਥੇ ਹੈ, ਬੈਕੁੰਠ ਉਥੇ ਹੈ।

ਸਭੁ ਕੋਈ ਚਲਨ ਕਹਤ ਹੈ ਊਹਾਂ ॥
ਨਾ ਜਾਨਉ, ਬੈਕੁੰਠੁ ਹੈ ਕਹਾਂ ॥1॥ ਰਹਾਉ ॥
ਆਪ ਆਪ ਕਾ ਮਰਮੁ ਨ ਜਾਨਾਂ ॥
ਬਾਤਨ ਹੀ, ਬੈਕੁੰਠੁ ਬਖਾਨਾਂ ॥1॥
ਜਬ ਲਗੁ ਮਨ ਬੈਕੁੰਠ ਕੀ ਆਸ ॥
ਤਬ ਲਗੁ ਨਾਹੀ ਚਰਨ ਨਿਵਾਸ ॥2॥
ਖਾਈ ਕੋਟੁ ਨ ਪਰਲ ਪਗਾਰਾ ॥
ਨਾ ਜਾਨਉ ਬੈਕੁੰਠ ਦੁਆਰਾ ॥3॥
ਕਹਿ ਕਮੀਰ ਅਬ ਕਹੀਐ ਕਾਹਿ ॥
ਸਾਧ ਸੰਗਤਿ ਬੈਕੁੰਠੈ ਆਹਿ ॥ ਪੰਨਾ 1161, ਭਗਤ ਕਬੀਰ ਜੀ॥

ਹਰ ਕੋਈ ਆਖ ਰਿਹਾ ਹੈ ਕਿ ਮੈਂ ਉਸ ਬੈਕੁੰਠ ਵਿੱਚ ਅੱਪੜਨਾ ਹੈ। ਪਰ ਮੈਨੂੰ ਤਾਂ ਸਮਝ ਨਹੀਂ ਆਈ, (ਇਨ੍ਹਾਂ ਦਾ ਉਹ) ਬੈਕੁੰਠ ਹੈ ਕਿੱਥੇ ।1।ਰਹਾਉ।

(ਇਨ੍ਹਾਂ ਲੋਕਾਂ ਨੇ) ਆਪਣੇ ਆਪ ਦਾ ਤਾਂ ਭੇਤ ਨਹੀਂ ਪਾਇਆ, ਨਿਰੀਆਂ ਗੱਲਾਂ ਨਾਲ ਹੀ 'ਬੈਕੁੰਠ' ਆਖ ਰਹੇ ਹਨ ।1।

ਹੇ ਮਨ ! ਜਦ ਤਕ ਤੇਰੀਆਂ ਬੈਕੁੰਠ ਅੱਪੜਨ ਦੀਆਂ ਆਸਾਂ ਹਨ, ਤਦ ਤਕ ਪ੍ਰਭੂ ਦੇ ਚਰਨਾਂ ਵਿੱਚ ਨਿਵਾਸ ਨਹੀਂ ਹੋ ਸਕਦਾ ।2।ਮੈਨੂੰ ਤਾਂ ਪਤਾ ਨਹੀਂ (ਇਨ੍ਹਾਂ ਲੋਕਾਂ ਦੇ) ਬੈਕੁੰਠ ਦਾ ਬੂਹਾ ਕਿਹੋ ਜਿਹਾ ਹੈ, ਕਿਹੋ ਜਿਹਾ ਸ਼ਹਿਰ ਹੈ, ਕਿਹੋ ਜਿਹੀ ਉਸ ਦੀ ਫ਼ਸੀਲ ਹੈ, ਤੇ ਕਿਹੋ ਜਿਹੀ ਉਸ ਦੇ ਦੁਆਲੇ ਖਾਈ ਹੈ ।3।

ਕਬੀਰ ਆਖਦਾ ਹੈ-(ਇਹ ਲੋਕ ਸਮਝਦੇ ਨਹੀਂ ਕਿ ਅਗਾਂਹ ਕਿ ਤੇ ਬੈਕੁੰਠ ਨਹੀਂ ਹੈ) ਕਿਸ ਨੂੰ ਹੁਣ ਆਖੀਏ ਕਿ ਸਾਧ-ਸੰਗਤ ਹੀ ਬੈਕੁੰਠ ਹੈ ?(ਤੇ ਉਹ ਬੈਕੁੰਠ ਇੱਥੇ ਹੀ ਹੈ) ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤਾਂ ਮਨੁੱਖ ਨੂੰ ਪੁਕਾਰ ਪੁਕਾਰ ਕੇ ਜਗਾਉਣ ਦਾ ਕੰਮ ਕਰ ਰਹੀ ਹੈ ਪਰ ਅਸੀਂ ਜਾਗਣਾ ਨਹੀਂ ਚਾਹੁੰਦੇ ਕਿਉਂਕਿ 'ਸੱਚ ਮਿਰਚਾਂ ਕੂੜ ਗੁੜ' ਹੈ (ਅੰਮ੍ਰਿਤੁ ਕਉਰਾ ਬਿਖਿਆ ਮੀਠੀ ॥ ਪੰਨਾ 892)। ਸਾਨੂੰ ਝੂਠ ਹੀ ਪਸੰਦ ਹੈ ਭਾਂਵੇ ਇਸ ਤਰ੍ਹਾਂ ਅਸੀਂ ਪਲ ਪਲ ਮਰਦੇ ਹੋਈਏ।

ਡਰਿ ਡਰਿ ਮਰਤੇ ਜਬ ਜਾਨੀਐ ਦੂਰਿ ॥
ਡਰੁ ਚੂਕਾ ਦੇਖਿਆ ਭਰਪੂਰਿ ॥1॥
ਸਤਿਗੁਰ ਅਪੁਨੇ ਕਉ ਬਲਿਹਾਰੈ ॥
ਛੋਡਿ ਨ ਜਾਈ ਸਰਪਰ ਤਾਰੈ ॥1॥ ਰਹਾਉ ॥ ਪੰਨਾ 186, ਮ:5 ॥

ਐ ਬੰਦੇ ਸੱਚ ਦਾ ਪੱਲਾ ਨਾ ਛੱਡੀਂ। ਸੱਚ ਤੈਨੂੰ ਜਰੂਰ ਤਾਰ ਦੇਵੇਗਾ।

ਅਠਸਠਿ ਤੀਰਥ ਜਹ ਸਾਧ ਪਗ ਧਰਹਿ ॥
ਤਹ ਬੈਕੁੰਠੁ ਜਹ ਨਾਮੁ ਉਚਰਹਿ ॥
ਸਰਬ ਅਨੰਦ ਜਬ ਦਰਸਨੁ ਪਾਈਐ ॥
ਰਾਮ ਗੁਣਾ ਨਿਤ ਨਿਤ ਹਰਿ ਗਾਈਐ ॥3॥ ॥ ਪੰਨਾ 890, ਮ:5 ॥

(ਹੇ ਭਾਈ!) ਜਿੱਥੇ ਗੁਰਮੁੱਖ ਮਨੁੱਖ (ਆਪਣੇ) ਪੈਰ ਧਰਦੇ ਹਨ ਉਹ ਥਾਂ ਅਠਾਹਠ ਤੀਰਥ ਸਮਝੋ, (ਕਿਉਂਕਿ) ਜਿੱਥੇ ਸੰਤ ਜਨ ਪ੍ਰਮਾਤਮਾ ਦਾ ਨਾਮ ਉਚਾਰਦੇ ਹਨ ਉਹ ਥਾਂ ਸੱਚਖੰਡ ਬਣ ਜਾਂਦਾ ਹੈ। ਜਦੋਂ ਗੁਰਮੁਖਾਂ ਦਾ ਦਰਸ਼ਨ ਕਰੀਦਾ ਹੈ ਤਦੋਂ ਸਾਰੇ ਆਤਮਕ ਆਨੰਦ ਪ੍ਰਾਪਤ ਹੋ ਜਾਂਦੇ ਹਨ,(ਗੁਰਮੁਖਾਂ ਦੀ ਸੰਗਤਿ ਵਿੱਚ) ਸਦਾ ਪਰਮਾਤਮਾ ਦੇ ਗੁਣ ਗਾ ਸਕੀਦੇ ਹਨ, ਸਦਾ ਪ੍ਰਭੂ ਦੀ ਸਿਫ਼ਤਿ-ਸਾਲਾਹ ਗਾਈ ਜਾ ਸਕਦੀ ਹੈ ।3।

ਭਾਵ :-ਅਸਲ ਬੈਕੁੰਠ ਸਾਧ-ਸੰਗਤ ਹੈ, ਇੱਥੇ ਹੀ ਮਨ ਦੀ ਹਉਮੈ ਦੂਰ ਹੋ ਸਕਦੀ ਹੈ, ਇੱਥੇ ਹੀ ਮਨ ਪ੍ਰਭੂ ਦੇ ਚਰਨਾਂ ਵਿੱਚ ਜੁੜ ਸਕਦਾ ਹੈ ।10।

ਬੈਕੁੰਠ ਨਗਰੁ ਜਹਾ ਸੰਤ ਵਾਸਾ॥
ਪ੍ਰਭ ਚਰਣ ਕਮਲ ਰਿਦ ਮਾਹਿ ਨਿਵਾਸਾ॥1॥

ਜਦੋ ਕੋਈ ਮਨੁੱਖ ਪ੍ਰਭੂ ਦੇ ਹੁਕਮ ਨੂੰ ਸਮਝ ਕੇ ਆਪਣੇ ਹਿਰਦੇ 'ਚ, ਸੋਚ ਵਿੱਚ ਟਕਾ ਲੈਂਦਾ ਹੈ ਤਾਂ ਉਸ ਜੀਵ ਦਾ ਹਿਰਦਾ ਹੀ ਸਵਰਗ ਬਣ ਜਾਂਦਾ ਹੈ। ਹੱਥਲੇ ਲੇਖ ਰਾਹੀਂ ਇਹ ਸਮਝ ਪਈ ਕਿ ਬੈਕੁੰਠ ਵੀ ਹਿਰਦੇ ਵਿੱਚ ਹੈ ਤਾਂ ਫਿਰ ਆਤਮਾ ਕਿਹੜੇ ਰਸਤੇ ਕਿਧਰੇ ਕਿਸੇ ਹੋਰ ਰੱਬ ਕੋਲ ਜਾ ਕੇ ਆਪਣਾ ਲੇਖਾ-ਜੋਖਾ ਕਰਵਾਉਣ ਜਾਂਦੀ ਹੈ?

ਪੁਰਾਣਿਆਂ ਜ਼ਮਾਨਿਆਂ ਵਿੱਚ ਪੰਡਿਤ ਜੀ ਆਪਣੇ ਮੰਤਰ ਪੜ੍ਹ ਕੇ ਲੋਕਾਂ ਨੂੰ ਧਰਮ ਰਾਜ ਦੀ ਕਚਿਹਰੀ ਵਿਚੋਂ ਬਰੀ ਕਰਵਾ ਕੇ ਕਿਸੇ ਪੁੰਨ-ਦਾਨ ਦੀ ਮੱਦਦ ਨਾਲ ਵੈਤਰਣੀ ਨਦੀ ਪਾਰ ਲੰਘਾ ਦਿੰਦੇ ਸਨ। ਇੱਥੇ ਇਕ ਕਹਾਣੀ ਯਾਦ ਆਈ। ਗਰਮੀਆਂ ਦੇ ਦਿਨਾਂ ਵਿੱਚ ਹਰੇ ਪੱਠਿਆਂ ਦੀ ਘਾਟ ਕਾਰਣ ਲਵੇਰਾ ਵੀ ਘੱਟ ਹੀ ਹੁੰਦਾ ਸੀ। ਪੰਡਿਤਾਣੀ ਨੇ ਪੰਡਿਤ ਜੀ ਨੂੰ ਬਹੁਤ ਵਾਰ ਕਿਹਾ ਕਿ ਦੁੱਧ ਤੋਂ ਬਗੈਰ ਬੱਚਿਆਂ ਦਾ ਪਾਲਣ ਪੋਸ਼ਣ ਕਰਨਾ ਬਹੁਤ ਹੀ ਮੁਸਕਲ ਹੈ। ਪੰਡਿਤ ਜੀ ਇਹ ਕਹਿ ਕੇ ਗੱਲ ਟਾਲ ਦੇਣ ਕੇ ਹਾਲੇ ਵਕਤ ਨਹੀਂ ਆਇਆ। ਇਤਨੇ ਨੂੰ ਕਿਸੇ ਜ਼ਿਮੀਦਾਰ ਦੀ ਗਊ ਸੂ ਪਾਈ। ਪੰਡਿਤ ਜੀ ਨੇ ਸਕੀਮ ਬਣਾ ਕੇ ਉਨ੍ਹਾਂ ਦੇ ਘਰ ਜਾ ਅਲਖ ਜਗਾਈ। ਕਹਿਣ ਲੱਗੇ ਜਜ਼ਮਾਨਾ ਅੱਜ ਰਾਤੀਂ ਤੁਹਾਡੇ ਪਿਤਾ ਜੀ ਕਹਿ ਰਹੇ ਸੀ ਕਿ ਪੰਡਿਤ ਜੀ ਮੇਰਾ ਕੋਈ ਇਲਾਜ ਕਰੋ ਮੈਂ ਵੈਤਰਣੀ ਨਦੀ ਦੇ ਇਧਰ ਰਹਿ ਗਿਆ ਹਾਂ ਆਪਣੇ ਮਾੜੇ ਕਰਮਾਂ ਕਰਕੇ। ਮੈਨੂੰ ਪਾਰ ਲੰਘਾਓ। ਇਸ ਕਰਕੇ ਤੁਸੀਂ ਗਊ ਦਾਨ ਕਰੋ। ਜ਼ਿਮੀਦਾਰ ਬੜਾ ਭੋਲਾ ਸੀ ਉਸਨੇ ਉਸੇ ਵਕਤ ਗਊ ਦਾ ਰੱਸਾ ਪੰਡਿਤ ਜੀ ਦੇ ਹੱਥ ਫੜਾਇਆ ਤੇ ਪਿਤਾ ਜੀ ਨੂੰ ਵੈਤਰਣੀ ਨਦੀ ਪਾਰ ਕਰਾਉਣ ਦਾ ਵਚਨ ਲੈ ਲਿਆ। ਬਸ ਗਊ ਦੇ ਜਾਣ ਦੀ ਦੇਰ ਸੀ ਕਿ ਘਰ ਵਿੱਚ ਕਲੇਸ਼ ਪੈ ਗਿਆ। ਜ਼ਿਮੀਦਾਰ ਨੇ ਦੋ ਦਿਨ ਬਾਅਦ ਸਕੀਮ ਬਣਾਈ ਤੇ ਪੰਡਿਤ ਜੀ ਦੇ ਘਰ ਚਲਾ ਗਿਆ। ਜਾ ਕੇ ਅਵਾਜ ਮਾਰੀ ਤੇ ਪੰਡਿਤ ਜੀ ਖਿੜੇ ਮੱਥੇ ਮਿਲਣ ਲਈ ਚਲੇ ਆਏ। ਜ਼ਿਮੀਦਾਰ ਪੁੱਛਦਾ ਹੈ ਕਿ ਪੰਡਿਤ ਜੀ ਮੇਰੇ ਪਿਤਾ ਜੀ ਵੈਤਰਣੀ ਨਦੀ ਪਾਰ ਕਰ ਗਏ। ਮਿਸ਼ਰ ਜੀ ਬੋਲੇ ਉਹ ਤਾਂ ਉਸੇ ਦਿਨ ਵੈਤਰਣੀ ਨਦੀ ਪਾਰ ਕਰ ਗਏ ਸੀ ਜਿਸ ਦਿਨ ਤੁਸੀਂ ਗਊ ਦਾਨ ਕੀਤੀ ਸੀ। ਜ਼ਿਮੀਦਾਰ ਨੇ ਆਪਣੇ ਬੱਚੇ ਨੂੰ ਅਵਾਜ ਮਾਰੀ ਓਏ ਮੀਟਿਆ! ਖੋਲ੍ਹ ਗਊ ਦਾ ਰੱਸਾ। ਹੁਣ ਪੰਡਿਤ ਜੀ ਨੂੰ ਗਊ ਦੀ ਕੋਈ ਲੋੜ ਨਹੀਂ ਤੇ ਪਿਤਾ ਜੀ ਦਾ ਵੀ ਕੰਮ ਹੋ ਗਿਆ ਹੈ।

ਸਿੱਖ ਭਰਾਵੋ ਅਸਲ ਵਿੱਚ ਸਿੱਖ ਧਰਮ ਕਿਸੇ ਨੂੰ ਕੋਈ ਲਾਰਾ ਨਹੀਂ ਲਾਉਂਦਾ ਕਿ ਇਸ ਧਰਮ ਵਿੱਚ ਪ੍ਰਵੇਸ਼ ਕਰਨ ਨਾਲ ਤੁਹਾਨੂੰ ਕੱਲ੍ਹ ਨੂੰ ਕੋਈ ਫਾਈਦਾ ਹੋਵੇਗਾ। ਇਹ ਧਰਮ ਤਾਂ ਅੱਜ ਦੀ ਗੱਲ ਕਰਦਾ ਹੈ। ਜੇ ਅਸੀਂ ਅੱਜ ਚੰਗੇ ਹਾਂ ਤਾਂ ਸਾਡਾ ਕੱਲ੍ਹ ਆਪਣੇ ਆਪ ਚੰਗਾ ਹੋਵੇਗਾ। ਕੱਲ੍ਹ ਬਾਰੇ ਸੋਚਣ ਦੀ ਲੋੜ ਨਹੀਂ। ਸਿਰਫ ਅੱਜ ਚੰਗਾ ਬਣਾਉਣ ਦੀ ਲੋੜ ਹੈ। ਜੇ ਅਸੀਂ ਅੱਜ ਬਾਰੇ ਸੋਚਣ ਲੱਗ ਪਈਏ ਤਾਂ ਇਹ ਵਿਹਲੜ ਸਾਧਾਂ ਦੀਆਂ ਹੇੜਾਂ ਆਪਣੇ ਆਪ ਖਤਮ ਹੋ ਜਾਣਗੀਆਂ ਜਿਨ੍ਹਾਂ ਨੇ ਸਮਾਜ ਨੂੰ ਕੁੱਝ ਨਹੀਂ ਦਿੱਤਾ ਸਗੋਂ ਸਾਡਾ ਧਨ, ਦੌਲਤ ਅਤੇ ਇੱਜ਼ਤ ਲੁੱਟੀ ਹੀ ਹੈ।

ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ ॥ਨਾਨਕੁ ਬਿਨਵੈ ਤਿਸੈ ਸਰੇਵਹੁ ਜਾ ਕੇ ਜੀਅ ਪਰਾਣਾ ॥1॥ਅੰਧੇ ਜੀਵਨਾ ਵੀਚਾਰਿ ਦੇਖਿ ਕੇਤੇ ਕੇ ਦਿਨਾ ॥1॥ ਰਹਾਉ ॥ ਪੰਨਾ 660, ਮ:1 ॥

ਗੁਰੂ ਨਾਨਕ ਸਾਹਿਬ ਹੀ ਨਹੀਂ ਜੋ ਇਹ ਕਹਿੰਦੇ ਹਨ ਕਿ: ਐ ਬੰਦੇ! ਵਰਤਮਾਨ ਕਾਲ ਵਿੱਚ ਜਿਉਣਾ ਸਿੱਖ ਸਗੋਂ ਬਾਬਾ ਫਰੀਦ ਜੀ ਵੀ ਏਹੀ ਹੋਕਾ ਦਿੰਦੇ ਹਨ ਕਿ ਜੇ ਤੂੰ ਬੁਰਿਆਈਆਂ ਨੂੰ ਮਨ ਵਿਚੋਂ ਬਾਹਰ ਕੱਢ ਦੇਵੇਂ ਤਾਂ ਐ ਬੰਦੇ! ਤੈਨੂੰ ਖੁਦਾ ਅੱਜ ਹੀ ਮਿਲ ਸਕਦਾ ਹੈ।ਆਜੁ ਮਿਲਾਵਾ ਸੇਖ ਫਰੀਦ, ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ ॥1॥ ਰਹਾਉ ॥ ਪੰਨਾ 488, ਬਾਬਾ ਫਰੀਦ ਜੀ॥-ਗੁਰੂ ਦੇ ਪੰਥ ਦਾ ਦਾਸ,

**ਗੁਰਚਰਨ ਸਿੰਘ**

# ਸੁਨੇਤਰਾ ਨੇ ਰਿਕਾਰਡ ਤੋੜਿਆ

ਮੁੰਬਈ:ਦੇਸ਼ ਵਿੱਚ 7 ਅਸੈਂਬਲੀ ਸੀਟਾਂ ਦੀਆਂ ਉਪ ਚੋਣਾਂ ਵਿੱਚ ਮਹਾਰਾਸ਼ਟਰ ਦੀ ਬਾਰਾਮਤੀ ਅਸੈਂਬਲੀ ਸੀਟ ਐੱਨ ਸੀ ਪੀ ਦੀ ਉਮੀਦਵਾਰ ਸੁਨੇਤਰਾ ਪਵਾਰ ਨੇ 2,18,930 ਵੋਟਾਂ ਦੇ ਵੱਡੇ ਫਰਕ ਨਾਲ ਜਿੱਤੀ ਹੈ। ਇਹ ਜਿੱਤ ਦਾ ਅੰਤਰ ਭਾਰਤੀ ਇਤਿਹਾਸ ਵਿੱਚ ਹੁਣ ਤੱਕ ਦਾ ਸਭ ਤੋਂ ਵੱਡਾ ਰਿਕਾਰਡ ਹੈ। ਇਸ ਤੋਂ ਪਹਿਲਾਂ ਇਹ ਰਿਕਾਰਡ ਯੂ ਪੀ ਦੇ ਸਾਹਿਬਾਬਾਦ ਤੋਂ ਭਾਜਪਾ ਵਿਧਾਇਕ ਸੁਨੀਲ ਕੁਮਾਰ ਸ਼ਰਮਾ ਦੇ ਨਾਂਅ ਸੀ, ਜਿਸ ਨੇ 2022 ਵਿੱਚ 2,14,835 ਵੋਟਾਂ ਨਾਲ ਜਿੱਤ ਪ੍ਰਾਪਤ ਕੀਤੀ ਸੀ। ਸੁਨੇਤਰਾ ਪਵਾਰ ਮਹਾਰਾਸ਼ਟਰ ਦੇ ਸਾਬਕਾ ਉਪ ਮੁੱਖ ਮੰਤਰੀ ਅਜੀਤ ਪਵਾਰ ਦੀ ਪਤਨੀ ਹੈ, ਜਿਨ੍ਹਾ ਦੇ 28 ਜਨਵਰੀ ਨੂੰ ਜਹਾਜ਼ ਹਾਦਸੇ ਵਿੱਚ ਦੇਹਾਂਤ ਤੋਂ ਬਾਅਦ ਸੀਟ ਖਾਲੀ ਹੋਈ ਸੀ। ਮਹਾਰਾਸ਼ਟਰ ਦੀ ਦੂਜੀ ਸੀਟ ਰਾਹੂਰੀ ਤੋਂ ਭਾਜਪਾ ਦੇ ਅਕਸ਼ੈ ਕਾਰਡਿਲੇ ਨੇ ਜਿੱਤ ਹਾਸਲ ਕੀਤੀ ਹੈ। ਭਾਜਪਾ ਨੇ ਗੁਜਰਾਤ ਦੀ ਲਿਮਖੇੜਾ ਸੀਟ ਵੀ ਜਿੱਤ ਲਈ ਹੈ। ਨਾਗਾਲੈਂਡ ਤੇ ਤ੍ਰਿਪੁਰਾ ਦੀ 1-1 ਸੀਟ 'ਤੇ ਭਾਜਪਾ ਉਮੀਦਵਾਰ ਜੇਤੂ ਰਹੇ। ਕਰਨਾਟਕ ਦੀ ਬਾਗਲਕੋਟ ਸੀਟ ਕਾਂਗਰਸ ਉਮੀਦਵਾਰ ਨੇ ਜਿੱਤੀ ਹੈ। ਦਾਵਣਗੇਰੇ ਸਾਊਥ ਤੋਂ ਵੀ ਕਾਂਗਰਸ ਜਿੱਤ ਵੱਲ ਵਧ ਰਹੀ ਸੀ।







ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ
ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ
ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1650
2 PCS SOFA & LOVE SEAT
$1650
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ
ਕਸਟਮ ਸੈਕਸ਼ਨਲ ਬਣਾਉਂਦੇ ਹਾਂ।
ਤੁਸੀਂ ਆਪਣੀ ਮਰਜ਼ੀ ਦਾ ਕੱਪੜਾ
ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ
ਬਿਲਕੁਲ ਸਾਹਮਣੇ


SALE SALE SALE SALE SALE SALE SALE SALE
ONKAR FURNITURE IMPORT Ltd.
604 499 6000 | 778 320 6000
www.onkarfurniture.ca
LOCATION:
Open 7 Days a Week: 11am-7pm
Unit #160 - 19288 22 Ave, SURREY
ONLY $999
3 PIECE SOFA SET
SPECIAL OFFER
ONLY $999
FREE OTTOMAN
ONLY $649
FREE OTTOMAN
BLOW-OUT SALE
CUSTOM BUILT STORAGE AVAILABLE
KING. QUEEN. DOUBLE
AVAILABLE IN ANY HEADBOARD STYLE
ONLY $2,499
POWER RECLINER
FOLLOW US: @ONKARFURNITUREIMPORT
TikTok